# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

WORLD PUNJABI TIMES
REACHING THE WORLD

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 12 ਅਗਸਤ 2025 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਜਗਦੀਸ਼ ਰਾਏ ਕੁਲਰੀਆਂ ਵੱਲੋਂ ਨਵੀਂ ਅਨੁਵਾਦਿਤ ਪੁਸਤਕ 'ਸ਼ਿਵਾਜੀ' ਰਿਲੀਜ਼

ਵਰਲਡ ਪੰਜਾਬੀ ਟਾਈਮਜ਼



ਬਰੇਟਾ: 12 ਅਗਸਤ : ਇਥੋਂ ਦੇ ਸਾਹਿਤਕਾਰ ਅਤੇ ਭਾਰਤੀ ਸਾਹਿਤ ਅਕਾਦਮੀ ਅਨੁਵਾਦ ਪੁਰਸਕਾਰ ਵਿਜੇਤਾ ਜਗਦੀਸ਼ ਰਾਏ ਕੁਲਰੀਆਂ ਵੱਲੋਂ ਪੰਜਾਬੀ ਭਾਸ਼ਾ ਵਿਚ ਅਨੁਵਾਦ ਕੀਤੀ ਨਵੀਂ ਪੁਸਤਕ 'ਮਰਾਠਾ ਰਾਜ ਦੇ ਬਾਨੀ ਛਤਰਪਤੀ-ਸ਼ਿਵਾਜੀ' ਨੂੰ ਸਥਾਨਕ ਸਾਹਿਤ ਤੇ ਕਲਾ ਮੰਚ ਵੱਲੋਂ ਦੀ ਬਰੇਟਾ ਕੋ-ਆਪਰੇਟਿਵ ਹਾਊਸ ਬਿਲਡਿੰਗ ਸੁਸਾਇਟੀ ਬਰੇਟਾ ਵਿਚ ਕਰਵਾਏ ਇਕ ਸਾਦੇ ਸਮਾਗਮ ਵਿਚ ਲੋਕ ਅਰਪਣ ਕੀਤਾ ਗਿਆ।

ਪੁਸਤਕ ਨੂੰ ਲੋਕ ਅਰਪਣ ਕਰਨ ਦੀ ਰਸਮ ਸਾਹਿਤ ਤੇ ਕਲਾ ਮੰਚ ਪੰਜਾਬ ਦੇ ਸਰਪ੍ਰਸਤ ਦਰਸ਼ਨ ਸਿੰਘ ਬਰੇਟਾ, ਮਿੰਨੀ ਕਹਾਣੀ ਲੇਖਕ ਮੰਚ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਬੀਰ ਇੰਦਰ ਬਨਭੌਰੀ, ਤ੍ਰੈਮਾਸਿਕ ਮਿੰਨੀ ਦੇ ਸੰਪਾਦਕ ਕੁਲਵਿੰਦਰ ਕੌਸ਼ਲ, ਲਿਖਾਰੀ ਸਭਾ ਰੋੜਕੀ ਦੇ ਪ੍ਰਧਾਨ ਐਡਵੋਕੇਟ ਗੁਰਸੇਵਕ ਸਿੰਘ ਰੋੜਕੀ ਅਤੇ ਅਨੁਵਾਦਕ ਜਗਦੀਸ਼ ਰਾਏ ਕੁਲਰੀਆਂ ਨੇ ਅਦਾ ਕੀਤੀ। ਇਸ ਮੌਕੇ ਤੇ ਵਿਚਾਰ ਰੱਖਦਿਆ ਪ੍ਰਿੰਸੀਪਲ ਬਰੇਟਾ ਨੇ ਕਿਹਾ ਕਿ ਸ਼੍ਰੀ ਕੁਲਰੀਆਂ ਵੱਲੋਂ ਲਗਾਤਾਰ ਅਨੁਵਾਦ ਦੇ ਖੇਤਰ ਵਿਚ ਵੱਡਾ ਕਾਰਜ ਕੀਤਾ ਜਾ ਰਿਹਾ ਹੈ। ਇਸ ਸਾਲ ਵੀ ਇਨ੍ਹਾਂ ਦੀਆਂ ਅਨੁਵਾਦ ਦੀਆਂ ਚਾਰ ਕਿਤਾਬਾਂ ਹੁਣ ਤੱਕ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਜੋ ਕਿ ਬਹੁਤ ਮੁੱਲਵਾਨ ਕਿਤਾਬਾਂ ਹਨ। ਕੁਲਵਿੰਦਰ ਕੌਸ਼ਲ ਨੇ ਕਿਹਾ ਕਿ ਪੰਜਾਬੀ ਪਾਠਕਾਂ ਦੀ ਖੁਸ਼ਕਿਸਮਤੀ ਹੈ ਕਿ ਉਨ੍ਹਾਂ ਨੂੰ ਕੁਝ ਚੰਗੀਆਂ ਪੁਸਤਕਾਂ ਦੇ ਅਨੁਵਾਦ ਪੜ੍ਹਨ ਨੂੰ ਮਿਲ ਰਹੇ ਹਨ। ਕੁਲਰੀਆਂ ਦੇ ਅਨੁਵਾਦ ਵਧੀਆ ਅਤੇ ਚੰਗੀਆਂ ਲਿਖਤਾਂ ਦੇ ਹਨ। ਸ਼੍ਰੀ ਬਨਭੌਰੀ ਨੇ ਕਿਹਾ ਕਿ ਅਨੁਵਾਦ ਦਾ ਕੰਮ ਬਹੁਤ ਔਖਾ ਹੈ, ਇਸ ਨੂੰ ਸਿਰੜੀ ਬੰਦੇ ਹੀ ਕਰ ਸਕਦੇ ਹਨ। ਅਨੁਵਾਦ ਇਕ ਤਰਾਂ ਨਾਲ ਮੂਲ ਲੇਖਨ ਨਾਲੋਂ ਵੀ ਜਿਆਦਾ ਮਿਹਨਤ ਦੀ ਮੰਗ ਕਰਦਾ ਹੈ। ਉਨ੍ਹਾਂ ਸਫ਼ਲ ਅਨੁਵਾਦ ਲਈ ਜਗਦੀਸ਼ ਕੁਲਰੀਆਂ ਨੂੰ ਵਧਾਈ ਵੀ ਦਿਤੀ। ਐਡਵੋਕੇਟ ਰੋੜਕੀ ਨੇ ਕਿਹਾ ਕਿ ਜੇਕਰ ਕਿਸੇ ਨੇ ਚੰਗੇ ਅਨੁਵਾਦ ਨੂੰ ਪੜ੍ਹਨਾ ਹੈ ਤਾਂ ਉਹ ਕੁਲਰੀਆਂ ਦੀਆਂ ਅਨੁਵਾਦਿਤ ਪੁਸਤਕਾਂ ਨੂੰ ਪੜ੍ਹ ਸਕਦਾ ਹੈ। ਇਸ ਮੌਕੇ ਤੇ ਹੋਰ ਵੀ ਸਾਹਿਤਕ ਪ੍ਰੇਮੀ ਹਾਜ਼ਰ ਸਨ।

ਫੋਟੋ: ਜਗਦੀਸ਼ ਰਾਏ ਕੁਲਰੀਆਂ ਵੱਲੋਂ ਅਨੁਵਾਦਿਤ ਪੁਸਤਕ 'ਸ਼ਿਵਾਜੀ' ਨੂੰ ਰਿਲੀਜ਼ ਕਰਦੇ ਹੋਏ ਸਾਹਿਤਕਾਰ।

## ਜੇ.ਕੇ.ਏ.ਏ.ਸੀ.ਐਲ. ਵੱਲੋਂ ਗੁਰੂ ਤੇਗ਼ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਵਸ ਮਨਾਇਆ ਗਿਆ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ



ਸ੍ਰੀਨਗਰ, 12 ਅਗਸਤ : ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼ (JKAACL) ਵੱਲੋਂ ਗੁਰੂਦੁਆਰਾ ਸਿੰਘ ਸਭਾ, ਸਿੰਘਪੁਰਾ, ਪਹਲਗਾਮ ਵਿਖੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਅਕੈਡਮੀ ਦੀ ਸਕੱਤਰੀ ਸ੍ਰੀਮਤੀ ਹਰਵਿੰਦਰ ਕੌਰ ਦੀ ਰਹਿਨੁਮਾਈ ਹੇਠ ਹੋਇਆ।

ਸਮਾਗਮ ਦੀ ਸ਼ੁਰੂਆਤ ਪ੍ਰਸਿੱਧ ਰਾਗੀ ਸ. ਪੋਪਿੰਦਰ ਸਿੰਘ ਵੱਲੋਂ ਗੁਰਬਾਣੀ ਸ਼ਬਦ ਕੀਰਤਨ ਨਾਲ ਹੋਈ। ਪ੍ਰਸਿੱਧ ਪ੍ਰਚਾਰਕ ਸ. ਆਯਾ ਸਿੰਘ ਨੇ ਗੁਰੂ ਤੇਗ਼ ਬਹਾਦਰ ਜੀ ਦੀ ਜੀਵਨ-ਲੀਲਾ ਅਤੇ ਉਨ੍ਹਾਂ ਦੀ ਬੇਮਿਸਾਲ ਸ਼ਹਾਦਤ ਬਾਰੇ ਵਿਸਥਾਰ ਨਾਲ ਸੰਬੋਧਨ ਕੀਤਾ। ਉਨ੍ਹਾਂ ਨੇ ਕਿਹਾ ਕਿ ਗੁਰੂ ਜੀ "ਹਿੰਦ ਦੀ ਚਾਦਰ" ਵਜੋਂ ਸਨਮਾਨਿਤ ਹਨ ਕਿਉਂਕਿ ਉਨ੍ਹਾਂ ਨੇ 1675 ਵਿੱਚ ਧਰਮ ਦੀ ਆਜ਼ਾਦੀ ਲਈ ਆਪਣਾ ਜੀਵਨ ਕੁਰਬਾਨ ਕੀਤਾ।


ਕਵੀ ਦਰਬਾਰ ਵਿੱਚ ਹਰਪ੍ਰੀਤ ਕੌਰ, ਹਰਬੰਸ ਸਿੰਘ, ਗੁਰਦੀਪ ਕੌਰ, ਜਸਪ੍ਰੀਤ ਸਿੰਘ, ਅਮਰਦੀਪ ਸਿੰਘ, ਪਰਮਜੀਤ ਕੌਰ, ਤਨਮੀਤ ਕੌਰ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਗੁਰੂ ਸਾਹਿਬ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਸੈਂਕੜੇ ਸੰਗਤਾਂ ਨੇ ਸ਼ਰਧਾ ਨਾਲ ਹਾਜ਼ਰੀ ਭਰੀ।

ਸ਼੍ਰੀ ਪੋਪਿੰਦਰ ਸਿੰਘ ਪਰਾਸ, ਸੰਪਾਦਕ ਸ਼ੀਰਾਜ਼ਾ ਪੰਜਾਬੀ, ਨੇ ਅਕੈਡਮੀ ਵੱਲੋਂ ਦੂਰਦਰਾਜ਼ ਇਲਾਕਿਆਂ ਵਿੱਚ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਲਈ ਕੀਤੀਆਂ ਪਹਿਲਕਦਮੀਆਂ ਦਾ ਜ਼ਿਕਰ ਕੀਤਾ ਅਤੇ ਗੁਰੂ ਜੀ ਦੇ ਯੋਗਦਾਨ ਨੂੰ ਯਾਦ ਕੀਤਾ।

ਪ੍ਰੋਗਰਾਮ ਦੀ ਕਾਰਜਵਾਹੀ ਸ. ਕਸ਼ਮੀਰ ਸਿੰਘ ਸਕੱਤਰੀ ਨੇ ਸੰਚਾਲਿਤ ਕੀਤੀ ਤੇ ਧੰਨਵਾਦ ਡਾ. ਸ਼ੀਤਲ ਸਿੰਘ ਪ੍ਰਧਾਨ ਨੇ ਪ੍ਰਗਟ ਕੀਤਾ। ਜੇ.ਕੇ.ਏ.ਏ.ਸੀ.ਐਲ. ਤੋਂ ਸ਼੍ਰੀ ਤ੍ਰਿਲੋਕ ਸਿੰਘ ਬਾਲੀ ਨੇ ਪ੍ਰੋਗਰਾਮ ਦੇ ਸੁਚਾਰੂ ਆਯੋਜਨ ਵਿੱਚ ਸਹਿਯੋਗ ਦਿੱਤਾ।

## ਦਲਿਤ ਜੁਝਾਰਵਾਦੀ ਇਨਕਲਾਬੀ ਲੋਕ ਕਵੀ ਲਾਲ ਸਿੰਘ ਦਿੱਲ ਦੀ ਬਰਸੀ ਅੱਜ
### ਵਿਸ਼ੇਸ਼ ਰਿਪੋਰਟ :- ਸੁਰਿੰਦਰ ਸੇਠੀ ਲੁਧਿਆਣਾ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ 12 ਅਗਸਤ : ਸਮਾਜਿਕ ਗੁੰਝਲਦਾਰ ਕੁਰੀਤੀਆ ਭਰੀ ਵਿਵਸਥਾ ਦੀ ਬਣਤਰ ਨੂੰ ਮੁਢੋ ਰੱਦ ਕਰਨ ਲਈ ਦਮਦਾਰ ਵਿਲੱਖਣ ਕਲਮ ਚਲਾ ਕੇ ਰਜਵਾੜਾਸ਼ਾਹੀ ਅਤੇ ਜਗੀਰਦਾਰ ਵਾਲੀ ਜਾਤੀਵਾਦ ਸੋਚ ਦੇ ਵਿਰੋਧੀ , ਬੇਧੜਕ ਕ੍ਰਾਂਤੀਕਾਰੀ ਸਤਿਕਾਰਯੋਗ ਮਰਹੂਮ ਉਸਤਾਦ ਲੋਕ ਕਵੀ ਲਾਲ ਸਿੰਘ ਦਿੱਲ ਜੀ ਅੱਜ ਦੇ ਦਿਨ ਸੰਨ ੨੦੦੭ ਨੂੰ ਵਫਾਤ ਪਾ ਗਏ ਸਨ । ਉਹ ਸੰਨ ੧੯੬੦ ਦੇ ਵਿੱਚ ਮੈਟ੍ਰਿਕ ਪੱਧਰ ਦੀ ਉਚੇਰੀ ਵਿੱਦਿਆ ਦੀ ਪੜਾਈ ਕਰ ਗਏ ਸਨ । ਉਹਨਾ ਨੂੰ ਸਰਕਾਰੀ ਅਧਿਆਪਕ ਦੀ ਨੌਕਰੀ ਕਰਕੇ ਉਸ ਸਮੇ ਚੰਗੀ ਵਿਦਿਆ ਪੜਾ ਕੇ ਸਕੂਲਦਾ ਨਾਮ ਉੱਚਾ ਕੀਤਾ । ਇਸ ਮਹਾਨ ਬੁਧੀਜੀਵੀ ਵਿਦਵਾਨ ਧੰਨਤੰਤਰ ਹਸਤੀ ਤੇ ਆਪਣੇ ਇਰਦ-ਗਿਰਦ ਸਮਾਜਿਕ ਕੁਰੀਤੀਆ ਅਤੇ ਜਾਤੀਵਾਦ ਦਾ ਵਿਤਕਰਾ ਭਰਿਆ ਮਹੌਲ ਦੇਖਿਆ ਅਤੇ ਤਨ ਮਨ ਤੇ ਹੰਢਾਇਆ ਹੈ । ਇਸ ਹਰਦਿਲ ਅਜੀਜ ਲੋਕ ਕਵੀ ਤੇ ਗਹਿਰਾ ਅਸਰ ਹੋਇਆ । ਇਸ ਹਰਮਨ ਪਿਆਰੀ ਮਯਨਾਜ ਸ਼ਖਸੀਅਤ ਨੇ ਸਮਾਜਿਕ , ਆਰਥਿਕ ਅਤੇ ਰਾਜਨੀਤਕ ਵਿਵਸਥਾ ਨੂੰ ਦੇਖਿਆ ਤਾ ਉਹਨਾ ਦੇ ਹਿਰਦੇ ਵਲੂੰਦਰੇ ਗਏ ਸਨ । ਉਸ ਸਮੇ ਪੰਜਾਬ ਵਿੱਚ ਨਕਸਲਵਾੜੀ ਮੁਹਿੰਮ ਦਾ ਬੋਲਵਾਲਾ ਸੀ । ਸ਼੍ਰੀ ਦਿੱਲ ਸਮਾਜਿਕ ਸ਼ੋਸ਼ਣ ਦਾ ਝੰਬਿਆ ਹੋਇਆ ਸੀ । ਇਸ ਇਨਕਲਾਬੀ ਜਾਗ੍ਰਿਤ ਮਹਿੰਮ ਨੇ ਅਤੇ ਉੰਨਾ ਦੇ ਪ੍ਰਚਾਰ ਤੇ ਗਹਿਰਾ ਪ੍ਰਭਾਵਿਤ ਹੋ ਗਿਆ। ਉਸ ਇਨਕਲਾਬੀ ਮੀਟਿੰਗਾ ਅਤੇ ਜਲਸਿਆਂ ਵਿੱਚ ਸਰਗਰਮ ਹੋ ਗਿਆ । ਸਮਾਜਿਕ ਕੁਰੀਤੀਆ ਦੇ ਭੈੜੇ ਵਤੀਰੇ ਦਾ ਸ਼ਿਕਾਰ ਸਰਕਾਰ ਦੀ ਅੱਖ ਵਿੱਚ ਰੜਕਣ ਲਗ ਪਿਆ । ਇਹ ਚੱਕੀ ਦੇ ਪੁੜਾ ਵਿੱਚ ਪੀਣ ਲੱਗ ਪਿਆ । ਪੁਲਸ ਮਗਰ ਲੱਗ ਗਈ ਤਾ ਨੌਕਰੀ ਛੱਡ ਕੇ ਰੂਪੋਸ਼ ਹੋ ਗਿਆ ਸੀ । ਪਰ ਕਵੀ ਦਾ ਦਿਮਾਗ ਕਦੇ ਸ਼ਾਤ ਨਹੀ ਰਹਿੰਦਾ । ਇਸ ਦੀਆ ਕਵਿਤਾ ਗੱਭਰੂਆਂ ਦੇ ਡੌਲੇ ਫਰਕਣ ਲਗਾ ਦਿੰਦੀਆਂ ਸਨ । ਅੱਜ ਵੀ ਕਵਿਤਾ ਦਾ ਕੋਈ ਤੋੜ ਨਹੀ ਹੈ । ਭਾਵੇ ਇਹ ਮਹਾਨ ਲੋਕ ਕਵੀ ਸਾਡੇ ਦਰਮਿਆਨ ਭੌਤਿਕ ਤੌਰ ਤੇ ਮਨਫੀ ਹੈ ।

## ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਦੇ ਮੁੱਖ ਸਰਪ੍ਰਸਤ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਜੀ ਨੇ ਆਪਣਾ 88ਵਾ ਜਨਮਦਿਨ ਪੌਦੇ ਲਾ ਕੇ ਮਨਾਇਆ

ਵਰਲਡ ਪੰਜਾਬੀ ਟਾਈਮਜ਼



ਫ਼ਰੀਦਕੋਟ 12 ਅਗਸਤ : ਪੰਜਾਬੀ ਸਾਹਿਤ ਸਭਾ ਰਜ਼ਿ ਫ਼ਰੀਦਕੋਟ ਦੇ ਮੁੱਖ ਸਰਪ੍ਰਸਤ ਪ੍ਰਸਿੱਧ ਕਵੀ ਨਵਰਾਹੀ ਘੁਗਿਆਣਵੀ ਜੀ ਨੇ ਆਪਣਾ 88ਵਾ ਜਨਮਦਿਨ ਆਪਣੇ ਗ੍ਰਹਿ "ਨਹਿਰ ਨਜ਼ਾਰਾ ਨਿਊ ਹਰਿੰਦਰਾ ਨਗਰ ਕੋਟਕਪੂਰਾ ਰੋਡ ਫ਼ਰੀਦਕੋਟ ਵਿਖੇ ਪੌਦੇ ਲਾ ਕੇ ਮਨਾਇਆ। ਉਨ੍ਹਾਂ ਦੇ ਜਨਮ ਦਿਨ ਤੇ ਉਨ੍ਹਾਂ ਦੇ ਬੁਲਾਵੇ ਅਨੁਸਾਰ ਪੰਜਾਬੀ ਸਾਹਿਤ ਸਭਾ ਰਜ਼ਿ ਫ਼ਰੀਦਕੋਟ ਦੇ ਸੀਨੀਅਰ ਮੈਂਬਰਾਂ ਨੇ ਸ਼ਿਰਕਤ ਕੀਤੀ ਜਿਨ੍ਹਾਂ ਵਿੱਚ ਪ੍ਰਸਿੱਧ ਲੇਖਕ, ਗਾਇਕ ਅਤੇ ਅਦਾਕਾਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਰਜ਼ਿ ਪੰਜਾਬ ( ਸੇਖੋਂ) ਦੇ ਮੀਤ ਪ੍ਰਧਾਨ ਅਤੇ ਮੌਜੂਦਾ ਮੈਂਬਰ ਪੰਜਾਬੀ ਸਾਹਿਤ ਸਭਾ ਰਜਿ ਫਰੀਦਕੋਟ ਇਕਬਾਲ ਘਾਰੂ, ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਦੇ ਸੂਪਰਸਤ ਪ੍ਰੋ: ਪਾਲ ਸਿੰਘ ਪਾਲ, ਨੌਜਵਾਨ ਲੇਖਕ ਵਤਨਵੀਰ ਜ਼ਖਮੀ, ਮੌਜੂਦਾ ਪ੍ਰਧਾਨ ਕਰਨਲ ਬਲਬੀਰ ਸਿੰਘ ਸਰਾਂ, ਪ੍ਰਸਿੱਧ ਕਹਾਣੀਕਾਰ ਲਾਲ ਸਿੰਘ ਕਲਸੀ, ਜਨਰਲ ਸਕੱਤਰ ਸੁਰਿੰਦਰਪਾਲ ਸ਼ਰਮਾ ਭਲੂਰ , ਗਿਆਨੀ ਮੁਖਤਿਆਰ ਸਿੰਘ ਵੰਗੜ, ਪ੍ਰਸਿੱਧ ਲੇਖਕ ਦਰਸ਼ਨ ਰੋਮਾਣਾ, ਇੰਦਰਜੀਤ ਸਿੰਘ ਖੀਵਾ, ਆਦਿ ਨੇ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਜੀ ਨੂੰ ਉਨ੍ਹਾਂ ਦੇ 88ਵੇ ਜਨਮ ਦਿਨ ਤੇ ਮੁਬਾਰਕਬਾਦ ਦਿੱਤੀ। ਪ੍ਰਿੰਸੀਪਲ ਨਵਰਾਹੀ ਸਾਹਿਬ ਨੇ ਰਸਮ ਅਨੁਸਾਰ ਕੇਕ ਕੱਟਿਆ। ਹਾਜ਼ਰ ਲੇਖਕਾਂ ਨੇ ਕੇਕ ਨਾਲ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ। ਨਵਰਾਹੀ ਸਾਹਿਬ ਨੇ ਘਰ ਦੇ ਬਾਹਰ ਅਤੇ ਬਗੀਚੇ ਵਿੱਚ ਪੌਦੇ ਲਗਾਏ। ਨਵਰਾਹੀ ਸਾਹਿਬ ਨੇ ਹਾਜ਼ਰ ਮੈਂਬਰਾਂ ਦੁਆਰਾ ਜਨਮ ਦਿਨ ਤੇ ਤਸ਼ਰੀਫ਼ ਲਿਆਉਣ ਤੇ ਖੁਸ਼ੀ ਪ੍ਰਗਟ ਕੀਤੀ ਅਤੇ ਉਨ੍ਹਾਂ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਸਾਰੇ ਪ੍ਰੋਗਰਾਮ ਵਿੱਚ ਨਵਰਾਹੀ ਸਾਹਿਬ ਦੇ ਸਹਾਇਕ ਸੁਮੀਤ ਅਤੇ ਪ੍ਰੋ: ਪਾਲ ਸਿੰਘ ਦੇ ਸਹਾਇਕ ਕੁਲਵਿੰਦਰ ਸਿੰਘ ਨੇ ਚਾਹ ਪਾਣੀ ਦੀ ਸੇਵਾ ਨਿਭਾਈ। ਡਾਕਟਰ ਸੁਖਵਿੰਦਰ ਸਿੰਘ ਬਰਾੜ ( ਬਰਾੜ ਕਲੀਨਿਕ ਫ਼ਰੀਦਕੋਟ) ਅਤੇ ਸਵ: ਬਨਾਰਸੀ ਦਾਸ ਸ਼ਾਸਤਰੀ ਜੀ ਦੇ ਪਰਿਵਾਰ ਨੇ ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਦੀ ਮਾਇਕ ਸਹਾਇਤਾ ਕੀਤੀ।

## ਸਿਰਜਣਾ ਦੇ ਆਰ ਪਾਰ' ਵਿੱਚ ਸੁਰਜੀਤ ਦੀ ਰਚਨਾਤਮਕ ਯਾਤਰਾ

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਵਾਲੀਆ




ਬਰੈਂਪਟਨ 12 ਅਗਸਤ : ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਫ਼ਾਊਂਡਰ ਅਤੇ ਪ੍ਰਬੰਧਕ ਰਮਿੰਦਰ ਵਾਲੀਆ ਰੰਮੀ ਦੀ ਅਗਵਾਈ ਵਿੱਚ 3 ਅਗਸਤ ਦਿਨ ਐਤਵਾਰ ਨੂੰ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਮਹੀਨਾਵਾਰ ਪ੍ਰੋਗਰਾਮ 'ਸਿਰਜਣਾ ਦੇ ਆਰ ਪਾਰ 'ਦਾ ਆਯੋਜਨ ਕੀਤਾ ਗਿਆ । ਇਸ ਪ੍ਰੋਗਰਾਮ ਵਿੱਚ ਪ੍ਰਸਿੱਧ ਗਲਪਕਾਰ ,ਕਵਿਤਰੀ ਤੇ ਲੇਖਿਕਾ ਸੁਰਜੀਤ (ਟਰਾਂਟੋ )ਨਾਲ ਰੂਬਰੂ ਕੀਤਾ ਗਿਆ। ਸੁਰਜੀਤ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਸਰਪ੍ਰਸਤ ਵੀ ਹਨ ਤੇ ਪ੍ਰਸਿੱਧ ਪੰਜਾਬੀ ਪ੍ਰਵਾਸੀ ਲੇਖਿਕਾ ਹਨ ।ਪ੍ਰੋਗਰਾਮ ਦੇ ਆਰੰਭ ਵਿੱਚ ਰਿੰਟੂ ਭਾਟੀਆ ਨੇ ਸੁਰਜੀਤ ਦਾ ਇੱਕ ਗੀਤ ਗਾ ਕੇ ਪ੍ਰੋਗਰਾਮ ਨੂੰ ਬਹੁਤ ਹੀ ਭਾਵਪੂਰਤ ਢੰਗ ਨਾਲ ਸ਼ੁਰੂ ਕੀਤਾ ਤੇ ਸੁਰਜੀਤ ਜੀ ਦੀਆਂ ਪ੍ਰਾਪਤੀਆਂ ਬਾਰੇ ਦੱਸਦਿਆਂ ਉਹਨਾਂ ਨੂੰ ਜੀ ਆਇਆ ਆਖਿਆ ।ਰਮਿੰਦਰ ਵਾਲੀਆ ਰੰਮੀ ਨੇ ਇੱਕ ਖੂਬਸੂਰਤ ਕਵਿਤਾ ਰਾਹੀਂ ਸੁਰਜੀਤ ਜੀ ਨੂੰ ਜੀ ਆਇਆ ਕਿਹਾ ਜਿਹੜੀ ਕਿ ਉਹਨਾਂ ਦੀ ਸ਼ਖਸੀਅਤ ਬਾਰੇ ਰਮਿੰਦਰ ਵਾਲੀਆ ਜੀ ਨੇ ਆਪਣੀ ਕਲਮ ਤੋਂ ਲਿਖੀ ਸੀ। ਉਪਰੰਤ ਪ੍ਰੋਫੈਸਰ ਕੁਲਜੀਤ ਕੌਰ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਇਸ 40ਵੇਂ ਪ੍ਰੋਗਰਾਮ ਦੇ ਵਿੱਚ ਸ਼ਖਸੀਅਤ ਸੁਰਜੀਤ ਜੀ ਨਾਲ ਬਹੁਤ ਹੀ ਖੂਬਸੂਰਤ ਸੰਵਾਦ ਰਚਾਇਆ।ਇਹ ਵਰਨਣਯੋਗ ਹੈ ਕਿ ਸੁਰਜੀਤ ਨੇ ਐਮ. ਏ., ਐਮ. ਫਿਲ ਤੱਕ ਵਿੱਦਿਆ ਹਾਸਿਲ ਕੀਤੀ ਹੋਈ ਹੈ ਅਤੇ ਕਮਲਾ ਨਹਿਰੂ ਕਾਲਜ ਫਗਵਾੜਾ, ਗੁਰੂ ਨਾਨਕ ਫਿਫਥ ਸੈਨੇਟਰੀ ਸਕੂਲ ਮਸੂਰੀ ਅਤੇ ਸਿੱਖ ਇੰਟਰਨੈਸ਼ਨਲ ਸਕੂਲ ਥਾਈਲੈਂਡ ਵਿਖੇ ਅਧਿਆਪਨ ਦੇ ਕਿੱਤੇ ਨਾਲ ਜੁੜੀ ਰਹੀ ਹੈ। ਤੇਰ੍ਹਾਂ ਸਾਲ ਕੈਲੇਫੋਰਨੀਆ ਵਿਚ ਇਕ ਕੰਪਨੀ ਦੀ ਵਾਈਸ ਪ੍ਰੈਜ਼ੀਡੈਂਟ ਰਹਿਣ ਉਪਰੰਤ 2007 ਤੋਂ ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿਚ ਰਹਿ ਰਹੀ ਹੈ।

ਉਸਨੇ ਹੁਣ ਤੱਕ ਤਿੰਨ ਕਾਵਿ-ਸੰਗ੍ਰਹਿਆਂ- ਸ਼ਿਕਸਤ ਰੰਗ, ਹੇ ਸਖੀ, ਵਿਸਮਾਦ ਅਤੇ ਇਕ ਕਹਾਣੀ ਸੰਗ੍ਰਹਿ – ਪਾਰਲੇ ਪੁਲ਼ ਦੀ ਰਚਨਾ ਕੀਤੀ ਹੈ। ਕੂੰਜਾਂ – ਕੈਨੇਡਾ ਦਾ ਨਾਰੀ ਕਾਵਿ ਪੁਸਤਕ ਦੀ ਉਹ ਸਹਿ-ਸੰਪਾਦਕ ਹੈ ਅਤੇ ਪਰਵਾਸੀ ਪੰਜਾਬੀ ਸਾਹਿਤ – ਸ਼ਬਦ ਅਤੇ ਸੰਵਾਦ ਉਸਦੀ ਆਲੋਚਨਾ ਦੀ ਪੁਸਤਕ ਹੈ। ਬਹੁਤ ਸਾਰੇ ਪੰਜਾਬੀ ਅਤੇ ਹਿੰਦੀ ਮੈਗ਼ਜ਼ੀਨਾਂ, ਅਖਬਾਰਾਂ ਅਤੇ ਕਵਿਤਾ/ਕਹਾਣੀ ਸੰਗ੍ਰਹਿਆਂ ਵਿਚ ਉਸਦੀਆਂ ਕਵਿਤਾਵਾਂ, ਆਰਟੀਕਲ, ਇੰਟਰਵਿਊ ਅਤੇ ਕਹਾਣੀਆਂ ਛਪਦੀਆਂ ਹਨ। ਮੇਘਲਾ ਮੈਗ਼ਜ਼ੀਨ ਨੇ 'ਸੁਰਜੀਤ ਵਿਸ਼ੇਸ਼ ਅੰਕ' ਛਾਪਿਆ, ਏਕਮ ਨੇ ਕਵੀ ਵਿਸ਼ੇਸ਼ ਵਜੋਂ ਮਾਨਤਾ ਦਿੱਤੀ। ਉਸਨੇ ਬਹੁਤ ਸਾਰੀ ਅੰਗ੍ਰੇਜ਼ੀ ਕਵਿਤਾ ਦਾ ਪੰਜਾਬੀ ਵਿਚ ਤਰਜਮਾ ਵੀ ਕੀਤਾ ਹੈ। ਸੁਰਜੀਤ ਨੇ ਆਪਣੇ ਜੀਵਨ ਸਾਥੀ ਪਿਆਰਾ ਸਿੰਘ ਕੁੱਦੋਵਾਲ ਜੀ ਜਿਹੜੇ ਕਿ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਚੇਅਰਮੈਨ ਅਤੇ ਕਨੇਡਾ ਵਿਖੇ ਇੱਕ ਉੱਘੀ ਸਾਹਿਤਕ ਸ਼ਖਸੀਅਤ ਹਨ ਦੇ ਆਪਣੇ ਜੀਵਨ ਵਿੱਚ ਯੋਗਦਾਨ ਬਾਰੇ ਦੱਸਿਆ। ਉਹਨਾਂ ਨੇ ਆਪਣੇ ਪੜਾਈ ਦੇ ਆਰੰਭਲੇ ਦਿਨਾਂ ਵਿੱਚ ਅਤੇ ਡੀ ਏ ਵੀ ਕਾਲਜ ਜਲੰਧਰ ਵਿੱਚ ਲੱਗੀ ਸਾਹਿਤਕ ਚੇਟਕ ਦੀ ਗੱਲ ਕੀਤੀ ਤੇ ਪਰਿਵਾਰ ਵੱਲੋਂ ਮਿਲੇ ਸਹਿਯੋਗ ਬਾਰੇ ਵੀ ਆਪਣੇ ਮਨ ਦੇ ਭਾਵ ਪ੍ਰਗਟ ਕੀਤੇ । ਉਹਨਾਂ ਨੇ ਆਪਣੀ ਹੁਣੇ ਹੁਣੇ ਆਈ ਪੁਸਤਕ 'ਜ਼ਿੰਦਗੀ ਇੱਕ ਹੁਨਰ' ਬਾਰੇ ਵੀ ਖੂਬਸੂਰਤ ਗੱਲਬਾਤ ਕਰਦਿਆਂ ਕਿਹਾ ਕਿ ਇਸ ਪੁਸਤਕ ਵਿੱਚ ਸ਼ਾਮਿਲ ਸਮੂਹ ਰਚਨਾਵਾਂ ਉਹਨਾਂ ਦੇ ਹਮਦਰਦ ਟੀਵੀ ਵਿੱਚ ਇੱਕ ਗੱਲਬਾਤ ਦੇ ਸ਼ੋ ਜ਼ਿੰਦਗੀ ਇੱਕ ਹੁਨਰ ਬਾਰੇ ਬਹੁਤ ਸਾਰੇ ਅਜਿਹੇ ਜਹੇ ਵਿਸ਼ਿਆਂ ਨਾਲ ਜੁੜੇ ਹਨ ਜਿਹੜੇ ਕਿ ਉਹਨਾਂ ਦੇ ਅਨੁਭਵ ਦਾ ਹਿੱਸਾ ਹਨ। ਸੁਰਜੀਤ ਨੇ ਦੱਸਿਆ ਕਿ ਜ਼ਿੰਦਗੀ ਵਿੱਚ ਹਰ ਸਥਿਤੀ ਵਿੱਚ ਹਮੇਸ਼ਾਂ ਆਪਣੀ ਸੋਚ ਨੂੰ ਸਕਾਰਾਤਮਕ ਰੱਖਦੇ ਹਨ । ਇਸ ਨਾਲ ਉਹਨਾਂ ਨੂੰ ਇੱਕ ਅੰਦਰੂਨੀ ਊਰਜਾ ਮਿਲਦੀ ਹੈ ਜੋ ਜ਼ਿੰਦਗੀ ਦੇ ਨਵੇਂ ਅਯਾਮ ਸਥਾਪਿਤ ਕਰਦੀ ਹੈ ।ਸੁਰਜੀਤ ਨੇ ਦਰਸ਼ਕਾਂ ਨੂੰ ਵੀ ਇਹ ਸਲਾਹ ਦਿੱਤੀ ਕਿ ਜੇਕਰ ਜ਼ਿੰਦਗੀ ਵਿੱਚ ਖੁਸ਼ ਰਹਿਣਾ ਹੈ ਤਾਂ ਸਾਨੂੰ ਅਤੀਤ ਅਤੇ ਭਵਿੱਖ ਦੀ ਚਿੰਤਾ ਛੱਡ ਕੇ ਹੁਣ ਨਾਲ ਜੁੜਨਾ ਚਾਹੀਦਾ ਹੈ। ਉਹਨਾਂ ਨੇ ਬਹੁਤ ਸਾਰੀਆਂ ਆਪਣੀਆਂ ਰਚਨਾਵਾਂ ਵੀ ਸਾਂਝੀਆਂ ਕੀਤੀਆਂ ਜਿਨਾਂ ਦੇ ਵਿਸ਼ੇ ਪ੍ਰਕਿਰਤੀ ਅਤੇ ਜੀਵਨ ਦੀ ਫਿਲੋਸਫੀ ਨਾਲ ਜੁੜੇ ਸਨ ।ਉਹਨਾਂ ਨੇ ਆਪਣੀ ਕਹਾਣੀ ਸਿਰਜਣਾ ਪ੍ਰਕਿਰਿਆ ਬਾਰੇ ਵੀ ਦੱਸਿਆ ਕਿ ਪਾਰਲੇ ਪੁਲ ਦੀਆਂ ਕਹਾਣੀਆਂ ਤੇ ਬਹੁਤ ਸਾਰੇ ਵਿਸ਼ੇ ਉਹਨਾਂ ਦੇ ਅਮਰੀਕਾ ਦੇ ਜੀਵਨ ਅਨੁਭਵਾਂ ਨਾਲ ਅਤੇ ਕਨੇਡਾ ਦੀ ਜੀਵਨ ਸ਼ੈਲੀ ਨਾਲ ਜੁੜੇ ਹਨ ਜਿਹੜੇ ਉਹਨਾਂ ਨੇ ਖੁਦ ਵੀ ਮਹਿਸੂਸ ਕੀਤੇ ਹਨ ।ਉਹਨਾਂ ਨੇ ਇਸ ਗੱਲ ਦੀ ਤਸੱਲੀ ਪ੍ਰਗਟਾਈ ਕਿ ਜ਼ਿੰਦਗੀ ਵਿੱਚ ਉਹਨਾਂ ਨੇ ਜੋ ਵੀ ਲਿਖਿਆ ਪੜ੍ਹਿਆ ਜਾਂ ਸਾਂਝਾ ਕੀਤਾ ਹੈ ਉਹ ਉਹਨਾਂ ਨੂੰ ਆਤਮ ਸੰਤੁਸ਼ਟੀ ਪ੍ਰਦਾਨ ਕਰਦਾ ਹੈ ।ਦਿਸ਼ਾ ਵਰਗੀ ਸੰਸਥਾ ਨਾਲ ਜੁੜ ਕੇ ਵੀ ਉਹਨਾਂ ਨੇ ਆਪਣੇ ਬਹੁਤ ਸਾਰੇ ਅਨੁਭਵ ਗ੍ਰਹਿਣ ਕੀਤੇ ਹਨ ਉਹਨਾਂ ਨੇ ਕਨੇਡਾ ਦੀਆਂ ਪੰਜਾਬੀ ਸਾਹਿਤ ਸਭਾਵਾਂ ਦੇ ਵੀ ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਨਿੱਗਰ ਯੋਗ ਦਾਨ ਦੀ ਗੱਲ ਕੀਤੀ। ਕਨੇਡੀਅਨ ਪੰਜਾਬੀ ਸਾਹਿਤ ਸਭਾ ਤੋਂ ਮਲੂਕ ਸਿੰਘ ਕਾਹਲੋਂ, ਕਲਮਾਂ ਦੀ ਸਾਂਝ ਤੋਂ ਹਰਦਿਆਲ ਸਿੰਘ ਝੀਤਾ ਨੇ ਵੀ ਸੁਰਜੀਤ ਜੀ ਦੀ ਸ਼ਖਸੀਅਤ ਨੂੰ ਦੂਸਰਿਆਂ ਦੀ ਪ੍ਰੇਰਨਾ ਦਾ ਦੱਸਿਆ ਜਿਹੜੇ ਕਿ ਸਾਹਿਤ ਅਤੇ ਮੀਡੀਆ ਨਾਲ ਜੁੜੀ ਸ਼ਖਸੀਅਤ ਹਨ ਤੇ ਹਮੇਸ਼ਾਂ ਪੰਜਾਬ ਦੀ ਸੱਭਿਆਚਾਰ ਤੇ ਭਾਸ਼ਾ ਦੇ ਵਿਕਾਸ ਲਈ ਯਤਨਸ਼ੀਲ ਰਹਿੰਦੇ ਹਨ।

ਪ੍ਰੋਗਰਾਮ ਦੇ ਅੰਤ ਵਿੱਚ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਚੇਅਰਮੈਨ ਤੇ ਸੁਰਜੀਤ ਜੀ ਦੇ ਹਮਸਫਰ ਪਿਆਰਾ ਸਿੰਘ ਕੁੱਦੋਵਾਲ ਨੇ ਸੁਰਜੀਤ ਨੂੰ ਬਤੌਰ ਲੇਖਿਕਾ ਤੇ ਤਾਂ ਇੱਕ ਵਧੀਆ ਲੇਖਕਾ ਦਾ ਦਰਜਾ ਦਿੱਤਾ ਪਰ ਨਾਲ ਹੀ ਉਹਨਾਂ ਨੇ ਪਰਿਵਾਰਿਕ ਜੀਵਨ ਵਿੱਚ ਉਹਨਾਂ ਦੇ ਯੋਗਦਾਨ ਦੀ ਗੱਲ ਕੀਤੀ ਕਿ ਉਹ ਹਮੇਸ਼ਾਂ ਪਰਿਵਾਰ ਅਤੇ ਆਪਣੀਆਂ ਰੁਚੀਆਂ ਵਿੱਚ ਸੰਤੁਲਨ ਰੱਖਦੇ ਹਨ ।ਉਹਨਾਂ ਨੇ ਦੱਸਿਆ ਕਿ ਕਦੇ ਵੀ ਐਸੀ ਸਥਿਤੀ ਨਹੀਂ ਆਈ ਕਿ ਜੀਵਨ ਵਿੱਚ ਸੁਰਜੀਤ ਨਿਰਾਸ਼ ਹੋਵੇ ਉਹ ਹਮੇਸ਼ਾਂ ਦੂਸਰਿਆਂ ਨੂੰ ਵੀ ਨਿਰਾਸ਼ਾ ਵਿੱਚੋਂ ਕੱਢਣ ਦੀ ਕੋਸ਼ਿਸ਼ ਕਰਦੇ ਹਨ ਤੇ ਖੁਦ ਵੀ ਹਮੇਸ਼ਾ ਚੜਦੀ ਕਲਾ ਵਿੱਚ ਰਹਿਣ ਦਾ ਸੁਨੇਹਾ ਦਿੰਦੇ ਹਾਂ। ਉਹਨਾਂ ਨੇ ਪ੍ਰੋਫੈਸਰ ਕੁਲਜੀਤ ਕੌਰ ਦੀ ਵੀ ਪ੍ਰਸ਼ੰਸਾ ਕੀਤੀ ਜਿਹੜੇ ਕਿ ਸਿਰਜਣਾ ਦੇ ਆਰ ਪ੍ਰੋਗਰਾਮ ਵਿੱਚ ਹਰ ਸ਼ਖਸੀਅਤ ਦੀ ਜ਼ਿੰਦਗੀ ਵਿੱਚ ਝਾਤ ਪਾਉਂਦਿਆਂ ਉਹਨਾਂ ਨੂੰ ਬਹੁਤ ਹੀ ਸਹਿਜ ਨਾਲ ਜੀਵਨ ਨਾਲ ਸਬੰਧਤ ਪ੍ਰਸ਼ਨ ਕਰਦੇ ਹਨ।ਇਸ ਇਸ ਪ੍ਰੋਗਰਾਮ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਸਾਰੀਆਂ ਸਾਹਿਤਕ ਸ਼ਖਸੀਅਤਾਂ ਨੇ ਭਾਗ ਲਿਆ। ਇਹ ਰਿਪੋਰਟ ਪ੍ਰੋ. ਕੁਲਜੀਤ ਕੌਰ ਨੇ ਰਮਿੰਦਰ ਰੰਮੀ ਨੂੰ ਸਾਂਝੀ ਕੀਤੀ ।

ਰਮਿੰਦਰ ਰੰਮੀ ਨੇ ਇਕ ਵਾਰ ਫਿਰ ਸੱਭ ਦਾ ਧੰਨਵਾਦ ਕਰਦਿਆਂ ਕਿਹਾ ਕਿ " ਤੁਸੀਂ ਘਰ ਅਸਾਡੇ ਆਏ ਅਸੀਂ ਫੁੱਲੇ ਨਹੀਂ ਸਮਾਏ " ਪ੍ਰੋ. ਕੁਲਜੀਤ ਕੌਰ ਜੀ ਸਿਰਜਨਾ ਦੇ ਆਰ ਪਾਰ ਵਿੱਚ ਬਹੁਤ ਹੀ ਸਹਿਜਤਾ ਵਿੱਚ ਪ੍ਰੋਗਰਾਮ ਕਰਦੇ ਹਨ , ਉਹਨਾਂ ਦੇ ਬਹੁਤ ਸਾਰੇ ਪ੍ਰਸ਼ੰਸਕਾਂ ਨੂੰ ਵੀ ਸਿਰਜਨਾ ਦੇ ਆਰ ਪਾਰ ਪ੍ਰੋਗਰਾਮ ਦਾ ਇੰਤਜ਼ਾਰ ਰਹਿੰਦਾ ਹੈ ਤੇ ਪ੍ਰੋਗਰਾਮ ਨੂੰ ਸਾਰੇ ਬਹੁਤ ਪਸੰਦ ਕਰਦੇ ਹਨ । ਦਰਸ਼ਕਾਂ ਨੂੰ ਸ. ਪਿਆਰਾ ਸਿੰਘ ਕੁੱਦੋਵਾਲ ਜੀ ਨੂੰ ਸੁਨਣਾ ਤੇ ਪ੍ਰੋਗਰਾਮ ਨੂੰ ਸਮਅੱਪ ਕਰਨ ਦਾ ਉਹਨਾਂ ਦੇ ਵਿਲੱਖਣ ਅੰਦਾਜ਼ ਨੂੰ ਬਹੁਤ ਪਸੰਦ ਕਰਦੇ ਹਨ । ਧੰਨਵਾਦ ਸਹਿਤ ।

## "ਧਰਤਿ ਵੰਗਾਰੇ ਤਖ਼ਤ ਨੂੰ" ਕਾਵਿ ਪੁਸਤਕ ਨਹੀਂ, ਸੰਘਰਸ਼ ਸ਼ੀਲ ਵਕਤ ਦਾ ਦਸਤਾਵੇਜ਼ ਹੈ – ਪ੍ਰੋ. ਸੁਖਵੰਤ ਸਿੰਘ ਗਿੱਲ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ: 12 ਅਗਸਤ : "ਧਰਤਿ ਵੰਗਾਰੇ ਤਖ਼ਤ ਨੂੰ" ਨਿਰਾ ਸੰਪਾਦਿਤ ਕਾਵਿ ਸੰਗ੍ਰਹਿ ਹੀ ਨਹੀਂ ਸਗੋਂ ਕਿਸਾਨ ਮੋਰਚਾ 2020-21 ਦੌਰਾਨ ਸੰਘਰਸ਼ਸ਼ੀਲ ਵਕਤ ਦਾ ਮਹੱਤਵ ਪੂਰਨ ਦਸਤਾਵੇਜ਼ ਹੈ। ਇਹ ਸ਼ਬਦ ਉੱਘੇ ਸਿੱਖਿਆ ਸ਼ਾਸਤਰੀ, ਲੇਖਕ ਤੇ ਬਟਾਲਾ ਵੱਸਦੇ ਸਮਾਜ ਸੇਵੀ ਪ੍ਰੋ. ਸੁਖਵੰਤ ਸਿੰਘ ਗਿੱਲ ਨੇ ਲੁਧਿਆਣਾ ਵਿੱਚ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਤੇ ਗੁਰਭਜਨ ਗਿੱਲ ਵੱਲੋਂ ਡਾ. ਸ ਪ ਸਿੰਘ, ਸੁਖਵਿੰਦਰ ਕੰਬੋਜ ਤੇ ਕੁਲਵਿੰਦਰ ਦੀ ਸੰਪਾਦਕੀ ਸਲਾਹ ਨਾਲ ਸੰਪਾਦਿਤ ਪੁਸਤਕ ਨੂੰ ਲੋਕ ਅਰਪਨ ਕਰਦਿਆਂ ਰਹੇ। 344 ਪੰਨਿਆਂ ਦੀ ਇਸ ਵੱਡ ਆਕਾਰੀ ਕਿਤਾਬ ਵਿੱਚ 200 ਤੋਂ ਵੱਧ ਪੰਜਾਬੀ ਕਵੀ ਦੇਸ਼ ਬਦੇਸ਼ ਤੋਂ ਸ਼ਾਮਲ ਹਨ।

ਪੁਸਤਕ ਦੇ ਸੰਪਾਦਕ ਗੁਰਭਜਨ ਗਿੱਲ ਨੇ ਦੱਸਿਆ ਕਿ ਦਿੱਲੀ ਬਾਰਡਰ 'ਤੇ ਲੱਗੇ 2020-21 ਕਿਸਾਨ ਮੋਰਚੇ ਦੌਰਾਨ ਵੱਖ-ਵੱਖ ਪੰਜਾਬੀ ਕਵੀਆਂ ਦਾ ਤੱਤ-ਫੱਟ ਪ੍ਰਤੀਕਰਮ ਹੀ ਹੈ ਇਹ ਕਾਵਿ-ਸੰਗ੍ਰਹਿ। ਇਸ ਵਿੱਚ ਸੁਰਜੀਤ ਪਾਤਰ, ਵਰਿਆਮ ਸਿੰਘ ਸੰਧੂ ਸੁਖਵਿੰਦਰ ਅੰਮ੍ਰਿਤ ਤੇ ਜਸਵਿੰਦਰ ਵਰਗੇ ਪ੍ਰੌਢ ਲੇਖਕਾਂ ਦੇ ਲਿਖੇ ਮਹਿੰਗੇ ਮਾਣਕ ਮੋਤੀ ਵੀ ਹਨ ਤੇ ਮੇਰੇ ਵਰਗਿਆਂ ਦੇ ਤੱਤ-ਭੜੱਤੇ ਉੱਘੜ-ਦੁੱਘੜੇ ਮੁੰਜ ਦੀ ਰੱਸੀ ਵਿੱਚ ਪਰੁੱਚੇ ਮਣਕਿਆਂ ਵਰਗੇ ਬੋਲ ਵੀ। ਅਸਲੋਂ ਨਵੇਂ ਕਵੀਆਂ ਦੀ ਵੀ ਬਹੁ ਗਿਣਤੀ ਇਸ ਸੰਗ੍ਰਹਿ ਵਿੱਚ ਸ਼ਾਮਲ ਹੈ। ਭਾਰਤੀ ਬਾਸਕਟਬਾਲ ਟੀਮ ਦੇ ਸਾਬਕਾ ਕਪਤਾਨ ਸੱਜਣ ਸਿੰਘ ਚੀਮਾ ਵੱਲੋਂ ਭਾਰਤ ਸਰਕਾਰ ਨੂੰ ਅਰਜੁਨਾ ਐਵਾਰਡ ਮੋੜਨ ਵੇਲੇ ਕਹੇ ਕਾਵਿ ਬੋਲ ਵੀ ਇਸ ਵਿੱਚ ਸ਼ਾਮਲ ਹਨ।

ਅਸਲ ਵਿੱਚ ਇਹ ਸਾਰੇ ਬੋਲ ਸੰਗ੍ਰਹਿਤ ਕਰਨ ਦਾ ਵਿਚਾਰ ਮੇਰੇ ਮਨ ਵਿੱਚ ਨਾ ਆਉਂਦਾ ਜੇਕਰ ਮੇਰੇ ਗੋਡੇ ਮੈਨੂੰ ਤੰਗੀ ਨਾ ਦੇਂਦੇ। ਮੈਂ ਵੀ ਇਸ ਮੋਰਚੇ ਦੌਰਾਨ ਕੁਝ ਹਿੱਸਾ ਪਾ ਆਉਂਦਾ, ਗੁੱਸਾ ਕੱਢ ਆਉਂਦਾ, ਨਾਅਰੇ ਮਾਰ ਕੇ, ਭਾਸ਼ਨ ਕਰਕੇ ਜਾਂ ਜਥੇਬੰਦੀਆਂ ਨਾਲ ਇੱਕਮੁੱਠਤਾ ਦਾ ਪ੍ਰਗਟਾਵਾ ਕਰਕੇ। ਪਰ ਇਹ ਨਾ ਹੋ ਸਕਿਆ। ਮੈਂ ਵੱਖ ਵੱਖ ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਵਿੱਚ ਖਿੱਲਰੇ ਬੋਲ ਸਾਂਭ ਲਏ। ਉਨ੍ਹਾਂ ਵਿੱਚੋਂ ਚੋਣਵੇਂ ਲੇਖਕ ਹੀ ਇਸ ਵਿੱਚ ਸ਼ਾਮਲ ਹੋ ਸਕੇ ਹਨ।

ਇਸ ਮੌਕੇ ਹਾਜ਼ਰ ਪ੍ਰਿੰਸੀਪਲ ਕੁਲਵੰਤ ਕੌਰ ਗਿੱਲ ਤੇ ਪੰਜਾਬ ਜੈਨਕੋ ਦੇ ਚੇਅਰਮੈਨ ਤੇ ਉੱਘੇ ਲੋਕ ਢਾਡੀ ਨਵਜੋਤ ਸਿੰਘ ਮੰਡੇਰ (ਜਰਗ) ਨੇ ਵੀ ਸੰਪਾਦਕ ਨੂੰ ਮੁਬਾਰਕ ਦੇਂਦਿਆਂ ਕਿਹਾ ਕਿ ਲਹਿਰਾਂ ਦੇ ਸਾਹਿੱਤ ਦੀ ਸੰਭਾਲ ਵੀ ਬਹੁਤ ਵੱਡਾ ਧਰਮ ਹੁੰਦਾ ਹੈ ਕਿਉਂਕਿ ਘਟਨਾਵਾਂ ਬਾਰੇ ਸਮਾਂ ਪੈਣ ਤੇ ਖੋਟ ਰਲ ਸਕਦਾ ਹੈ ਪਰ ਕਾਵਿ ਪ੍ਰਮਾਣ ਸੱਚੇ ਸੁੱਚੇ ਭਾਵਾਂ ਦੀ ਗਵਾਹੀ ਦੇਂਦੇ ਰਹਿਣਗੇ। ਪੁਸਤਕ ਲੋਕ ਅਰਪਣ ਕਰਨ ਵਿੱਚ ਸਵਰਗੀ ਡਾ. ਸੁਰਜੀਤ ਪਾਤਰ ਦੇ ਵੱਡੇ ਸਪੁੱਤਰ ਅੰਕੁਰ ਸਿੰਘ ਪਾਤਰ, ਲੋਕ ਸੰਗੀਤਕਾਰ ਜਸਕੰਵਰ ਸਿੰਘ ਮੰਡੇਰ , ਨਵਕੰਵਰ ਸਿੰਘ ਮੰਡੇਰ, ਮਨਪ੍ਰੀਤ ਸਿੰਘ ਤੋਂ ਇਲਾਵਾ ਸੰਪਾਦਕ ਦੇ ਪਰਿਵਾਰਕ ਜੀਅ ਵੀ ਸ਼ਾਮਲ ਸਨ।

## ਬ੍ਰਾਂਡਡ ਬਨਾਮ ਜੈਨੇਰਿਕ ਦਵਾਈਆਂ – ਕੁਝ ਵਿਚਾਰਨਯੋਗ ਨੁਕਤੇ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮ ਵੇਦ

(ਫੇਸਬੁੱਕ ਉੱਤੇ 'ਸਾਡਾ ਡਾਕਟਰ Saada-Our Doctor' ਨਾਮ ਦਾ ਪੇਜ ਸਮਾਜਿਕ ਸਰੋਕਾਰਾਂ ਵਾਲੇ ਡਾਕਟਰਾਂ ਦਾ ਇੱਕ ਅਜਿਹਾ ਮੰਚ ਹੈ, ਜਿਸਦਾ ਉਦੇਸ਼ ਹੈ : ਆਮ ਲੋਕਾਂ ਨਾਲ ਸਰਲ ਭਾਸ਼ਾ ਵਿੱਚ ਬਿਮਾਰੀਆਂ ਦੇ ਕਾਰਣਾਂ ਅਤੇ ਇਲਾਜ ਬਾਰੇ ਜਾਣਕਾਰੀ ਸਾਂਝੀ ਕਰਨੀ, ਬਿਮਾਰੀਆਂ ਦੇ ਕਾਰਨਾਂ ਅਤੇ ਇਲਾਜ ਨਾਲ ਜੁੜੀਆਂ ਮਿੱਥਾਂ ਅਤੇ ਵਹਿਮਾਂ ਬਾਰੇ ਸੁਚੇਤ ਕਰਨਾ, ਇਲਾਜ ਦੇ ਵਿਗਿਆਨਕ ਤੌਰ ਤਰੀਕਿਆਂ ਬਾਰੇ ਜਾਣਕਾਰੀ ਦੇਣਾ, ਸਿਹਤ ਸਬੰਧੀ ਆਮ ਸਵਾਲਾਂ ਅਤੇ ਸਿਹਤ ਢਾਂਚੇ ਬਾਰੇ ਵਿਚਾਰਾਂ ਸਾਂਝੇ ਕਰਨੇ। ਸਿਹਤ ਸਬੰਧੀ ਬਹੁਤ ਜਿਆਦਾ ਭਰਮ ਫੈਲਾਏ ਜਾਂਦੇ ਹਨ, ਉਨ੍ਹਾਂ ਸਬੰਧੀ ਲੋਕਾਂ ਨੂੰ ਸੁਚੇਤ ਕਰਨਾ ਬਹੁਤ ਜਰੂਰੀ ਹੈ ਸੋ ਇਸ ਕਾਰਜ ਲਈ ਅਸੀਂ ਡਾਕਟਰਾਂ ਦੇ ਇਸ ਗਰੁੱਪ ਦੀ ਸ਼ਲਾਘਾ ਕਰਦੇ ਹਾਂ। ਜੋ ਪਾਠਕ ਉਨ੍ਹਾਂ ਨਾਲ ਸੰਪਰਕ ਕਰਨਾ ਚਾਹੁਣ ਉਹ ਉਕਤ ਫੇਸਬੁੱਕ ਪੇਜ ਉੱਤੇ ਜਾਂ saadadoctor@gmail.com 'ਤੇ ਮੇਲ ਕਰਕੇ ਆਪਣੇ ਵਿਚਾਰ ਸਾਂਝੇ ਕਰ ਸਕਦੇ ਹਨ।)

1) ਬ੍ਰਾਂਡਡ ਦਵਾਈ – ਜਦੋਂ ਕੋਈ ਕੰਪਨੀ ਦਵਾਈ ਦੀ ਖੋਜ ਕਰਕੇ ਮੰਡੀ ਵਿੱਚ ਵੇਚਣ ਲਈ ਲੈਕੇ ਆਉਂਦੀ ਹੈ ਤਾਂ ਉਸ ਕੰਪਨੀ ਵੱਲੋਂ ਰੱਖੇ ਦਵਾਈ ਦੇ ਨਾਮ ਨੂੰ "ਬਰਾਂਡ"ਕਿਹਾ ਜਾਂਦਾ ਹੈ ਅਤੇ ਇਹ ਕੰਪਨੀ ਦਵਾਈ ਵੇਚਣ ਦੇ ਏਕਾਧਿਕਾਰ (ਪੇਟੈਂਟ) ਨੂੰ ਕਈ ਸਾਲਾਂ ਤੱਕ ਆਪਣੇ ਕੋਲ? ਰੱਖਦੀ ਹੈ ਤਾਂ ਕਿ ਉਹ ਉੱਚੀ ਕੀਮਤ ਰੱਖ ਕੇ ਆਪਣੇ "ਖਰਚੇ" ਪੂਰੇ ਕਰ ਸਕੇ, ਸਿੱਧਾ ਕਿਹਾ ਜਾਵੇ ਤਾਂ ਉਹ ਵੱਧ ਤੋਂ ਵੱਧ ਮੁਨਾਫਾ ਕਮਾ ਲੈਣਾ ਚਾਹੁੰਦੀ ਹੈ।

ਬ੍ਰਾਂਡਡ ਜੈਨੇਰਿਕ ਦਵਾਈ – "ਪੇਟੈਂਟ"ਦਾ ਸਮਾਂ ਖਤਮ ਹੋਣ ਤੋਂ ਬਾਅਦ ਦੂਜੀਆਂ ਕੰਪਨੀਆਂ ਵੀ ਉਸ ਦਵਾਈ ਨੂੰ ਬਣਾਉਣ-ਵੇਚਣ ਲੱਗਦੀਆਂ ਹਨ, ਉਹ ਜਿਹੜੇ ਨਾਮ ਹੇਠ ਦਵਾਈ ਵੇਚਦੀਆਂ ਹਨ, ਉਹਨਾਂ ਨੂੰ ਬ੍ਰਾਂਡਡ ਜੈਨੇਰਿਕ ਦਵਾਈ ਕਹਿੰਦੇ ਹਨ। ਭਾਵੇਂ ਇਹ ਦਵਾਈਆਂ ਸਸਤੀਆਂ ਹੋਣੀਆਂ ਚਾਹੀਦੀਆਂ ਹਨ, ਪਰ ਅਜਿਹਾ ਅਕਸਰ ਹੁੰਦਾ ਨਹੀਂ ਹੈ।

ਜੈਨੇਰਿਕ ਦਵਾਈ ਜਦੋਂ ਦਵਾਈ ਨੂੰ ਸਿੱਧਾ ਉਸਦੇ ਸਾਲਟ (ਰਸਾਇਣਿਕ ਨਾਮ) ਦੇ ਨਾਮ ਹੇਠ ਹੀ ਵੇਚਿਆ ਜਾਂਦਾ ਹੈ, ਤਾਂ ਉਸ ਨੂੰ ਜੈਨੇਰਿਕ ਦਵਾਈ ਕਿਹਾ ਜਾਂਦਾ ਹੈ।

ਭਾਰਤ ਵਿੱਚ ਵਿਕਦੀਆਂ ਦਵਾਈਆਂ ਵਿੱਚੋਂ 80-85% ਬ੍ਰਾਂਡਡ-ਜੈਨੇਰਿਕ ਦਵਾਈਆਂ ਹਨ, ਜੈਨੇਰਿਕ ਦਵਾਈਆਂ ਮੁਸ਼ਕਿਲ ਨਾਲ਼ 10% ਹਨ ਅਤੇ ਬਾਕੀ ਬ੍ਰਾਂਡਡ ਦਵਾਈਆਂ ਹਨ। ਮੁਨਾਫ਼ੇ ਦਾ 'ਮਾਰਜਨ' ਸਭ ਤੋਂ ਘੱਟ ਬ੍ਰਾਂਡਡ ਦਵਾਈ ਵਿੱਚ ਹੁੰਦਾ ਹੈ, ਜੈਨੇਰਿਕ/ਬ੍ਰਾਂਡਡ-ਜੈਨੇਰਿਕ ਦਵਾਈ ਵਿੱਚ ਮੁਨਾਫ਼ੇ ਦਾ ਮਾਰਜਨ ਆਮ ਕਰਕੇ ਉੱਚਾ ਹੁੰਦਾ ਹੈ। ਦਵਾਈਆਂ ਦੀ ਗੁਣਵੱਤਾ ਦਾ ਨਿਯੰਤ੍ਰਿਨ ਭਾਰਤ ਵਿੱਚ ਬੁਰੇ ਹਾਲੀਂ ਹੈ, ਸਭ ਤੋਂ ਬੁਰਾ ਹਾਲ ਜੈਨੇਰਿਕ/ਬ੍ਰਾਂਡਡ ਜੈਨੇਰਿਕ ਦਵਾਈਆਂ ਦੇ ਮਾਮਲੇ ਵਿੱਚ ਹੈ।

2) ਅਕਸਰ ਸਾਡੇ ਆਲੇ ਦੁਆਲੇ ਬ੍ਰਾਂਡ/ਜੈਨੇਰਿਕ ਦਾ ਰਾਮ-ਰੌਲਾ ਪੈਂਦਾ ਰਹਿੰਦਾ ਹੈ, ਸਰਕਾਰੀ ਪ੍ਰਚਾਰ ਤੰਤਰ ਹਰ ਸਾਲ-ਛਿਮਾਹੀ ਡਾਕਟਰਾਂ ਨੂੰ ਦਵਾਈਆਂ ਦੇ ਰਸਾਇਣਿਕ ਨਾਮ ਲਿਖਣ ਦੇ ਚਿੱਠੀ-ਪੱਤਰ ਭੇਜਦਾ ਰਹਿੰਦਾ ਹੈ, ਅਤੇ ਬਹੁਤ ਸਾਰੇ ਲੋਕ ਇਸ ਪ੍ਰਚਾਰ ਦਾ ਸ਼ਿਕਾਰ ਹੋ ਕੇ ਸਰਕਾਰਾਂ ਦੀਆਂ ਨਕਾਮੀਆਂ ਨੂੰ ਸਮਝਣ ਵਿੱਚ ਨਾਕਾਮਯਾਬ ਰਹਿੰਦੇ ਹਨ, ਅਤੇ ਕੁਝ ਵਿਅਕਤੀ "ਲੋਕ-ਪੱਖੀ" ਦਿੱਖਣ ਦੇ ਚੱਕਰ ਵਿੱਚ ਇਸੇ ਸਰਕਾਰੀ ਪ੍ਰਾਪੇਗੰਡੇ ਨੂੰ ਦੁਹਰਾਈ ਜਾਂਦੇ ਹਨ।

3) ਅਸਲ ਵਿੱਚ ਸੱਚਾਈ ਇਹ ਹੈ ਕਿ ਲੱਗਭਗ ਸਾਰੇ ਹੀ ਡਾਕਟਰ ਜੈਨੇਰਿਕ-ਬ੍ਰਾਂਡਡ ਦਵਾਈਆਂ (ਜੈਨੇਰਿਕ ਭਾਵ ਰਸਾਇਣਿਕ ਨਾਮ ਨਹੀਂ) ਹੀ ਲਿਖਦੇ ਹਨ, ਮੂਲ ਬ੍ਰਾਂਡ ਬਹੁਤ ਘੱਟ ਡਾਕਟਰ ਲਿਖਦੇ ਹਨ (ਅਤੇ ਮੂਲ ਬ੍ਰਾਂਡ ਮਿਲਦੇ ਵੀ ਘੱਟ ਹੀ ਹਨ)। ਅਸਲ ਵਿੱਚ ਬਹਿਸ ਦਾ ਮੁੱਦਾ ਹੀ ਇਹੀ ਹੈ ਕਿ ਡਾਕਟਰ ਰਸਾਇਣਿਕ ਨਾਮ ਲਿਖਣ, ਜਾਂ ਜੈਨੇਰਿਕ ਬ੍ਰਾਂਡ ਲਿਖਣ। ਇੱਥੇ ਡਾਕਟਰ ਦੀ ਭੂਮਿਕਾ ਅਹਿਮ ਹੁੰਦੀ ਹੈ, ਉਹ ਕਿਹੜੇ ਜੈਨੇਰਿਕ ਬ੍ਰਾਂਡ ਨੂੰ ਲਿਖਦਾ ਹੈ। ਇਹ ਹੱਕ ਡਾਕਟਰ ਕੋਲ਼ ਹੀ ਰਹਿਣਾ ਚਾਹੀਦਾ ਹੈ, ਖਾਸ ਕਰਕੇ ਭਾਰਤ ਜਿਹੇ ਦੇਸ਼ ਵਿੱਚ ਜਿੱਥੇ ਨਕਲੀ/ਸਬ-ਸਟੈਂਡਰਡ ਦਵਾਈਆਂ ਦੀ ਭਰਮਾਰ ਹੈ। ਹਾਂ, ਇਹ ਇੱਕ ਤਾਰਕਿਕ ਮੰਗ ਡਾਕਟਰਾਂ ਤੋਂ ਕੀਤੀ ਜਾਣੀ ਬਣਦੀ ਹੈ ਕਿ ਉਹ ਜਿੱਥੋਂ ਤੱਕ ਹੋ ਸਕੇ, ਸਹੀ ਗੁਣਵੱਤਾ ਤੇ ਘੱਟ ਕੀਮਤ ਵਾਲ਼ਾ ਜੈਨੇਰਿਕ ਬ੍ਰਾਂਡ ਲਿਖਣ।

4) ਮੰਨ ਲਵੋ, ਇੱਕ ਡਾਕਟਰ ਦਵਾਈ ਦਾ ਸਿਰਫ਼ ਰਸਾਇਣਿਕ ਨਾਮ ਲਿਖ ਦਿੰਦਾ ਹੈ, ਤਾਂ ਇਹ ਕੌਣ ਤਹਿ ਕਰੇਗਾ ਕਿ ਮਰੀਜ਼ ਨੂੰ ਸਹੀ ਗੁਣਵੱਤਾ ਦੀ ਦਵਾਈ ਮਿਲੇਗੀ, ਜਾਂ ਫ਼ਿਰ ਨਕਲੀ/ਸਬ-ਸਟੈਂਡਰਡ ਦਵਾਈ ਮਿਲੇਗੀ। ਸੁਭਾਵਿਕ ਹੀ ਅਜਿਹਾ ਪੂਰੀ ਤਰ੍ਹਾਂ ਦਵਾਈ ਦੇ ਪਰਚੂਨ ਵਿਕਰੇਤਾ ਉੱਤੇ ਨਿਰਭਰ ਰਹੇਗਾ। ਡਾਕਟਰ ਦੀ ਜਗ?ਹਾ ਦਵਾਈ ਵਿਕਰੇਤਾ ਨੰ ਦਵਾਈ ਦਾ ਬ੍ਰਾਂਡ ਚੁਣਨ ਦਾ ਹੱਕ ਦੇਣ ਨਾਲ਼ ਮਰੀਜ਼ ਨੂੰ ਕਿੰਨਾ ਕੁ ਫ਼ਾਇਦਾ ਹੋ ਸਕਦਾ ਹੈ, ਇਸ ਬਾਰੇ ਕੋਈ ਸਰਕਾਰੀ ਤੰਤਰ ਦਾ ਅਫਸਰ, ਲੀਡਰ, ਜਾਂ ਫ਼ਿਰ "ਲੋਕ-ਪੱਖੀ"ਪਤਵੰਤਾ ਗੱਲ ਨਹੀਂ ਕਰਦਾ। ਬ੍ਰਾਂਡਡ ਦਵਾਈਆਂ ਵੇਚਣ ਵਾਲੀਆਂ ਵੱਡੀਆਂ ਕੰਪਨੀਆਂ ਦੀਆਂ ਕਈ ਦਵਾਈਆਂ ਦੀ ਗੁਣਵੱਤਾ ਵੀ ਕਦੇ-ਕਦੇ ਸਵਾਲਾਂ ਦੇ ਘੇਰੇ ਵਿੱਚ ਆਈ ਹੈ, ਪਰ ਘੱਟੋ-ਘੱਟ ਇਹ ਜਾਣਕਾਰੀ ਲੋਕਾਂ ਤੱਕ ਪਹੁੰਚਦੀ ਤਾਂ ਹੈ, ਉੱਥੇ ਜੈਨੇਰਿਕ ਬ੍ਰਾਂਡ/ਜੈਨੇਰਿਕ ਦਵਾਈ ਦੀ ਗੁਣਵੱਤਾ ਦੀ ਗਰੰਟੀ ਕਿੱਥੇ ਮਿਲਣੀ ਹੈ? ਕੁਝ ਵੱਡੀਆਂ ਕੰਪਨੀਆਂ ਦੁਆਰਾ ਬਣਾਈਆਂ ਜੈਨੇਰਿਕ/ਜੈਨੇਰਿਕ ਬ੍ਰਾਂਡਡ ਦਵਾਈਆਂ ਨੂੰ ਛੱਡ ਕੇ ਬਹੁਤੀਆਂ ਜੈਨੇਰਿਕ/ਜੈਨੇਰਿਕ ਬ੍ਰਾਂਡਡ ਦਵਾਈਆਂ ਦੀ ਗੁਣਵੱਤਾ ਬਾਰੇ ਤਾਂ ਪੂਰਾ ਹਨੇਰਾ ਹੀ ਹਨੇਰਾ ਹੈ। ਦੂਜਾ, ਇਹ ਵੀ ਕੀ ਗਰੰਟੀ ਹੈ ਕਿ ਪਰਚੂਨ ਵਿਕਰੇਤਾ ਰਸਾਇਣਿਕ ਨਾਮ ਵਾਲ਼ੀ ਦਵਾਈ ਦਾ ਘੱਟ ਕੀਮਤ ਜੈਨੇਰਿਕ ਬ੍ਰਾਂਡ ਹੀ ਦੇਵੇਗਾ?

5) ਸਰਕਾਰੀ ਤੰਤਰ ਨੂੰ ਜੇ ਲੋਕਾਂ ਦੀ ਸਿਹਤ/ਆਰਥਿਕ ਨੁਕਸਾਨ ਦਾ ਇੰਨਾ ਹੀ ਫ਼ਿਕਰ ਹੈ ਤਾਂ ਸਰਕਾਰ ਦਵਾਈਆਂ ਦੀ ਕੀਮਤ/ਬ੍ਰਾਂਡ/ਜੈਨੇਰਿਕ ਦੇ ਇਸ ਰੌਲੇ-ਘਚੋਲੇ ਨੂੰ ਖਤਮ ਹੀ ਕਿਉਂ ਨਹੀਂ ਕਰਦੀ, ਸਰਕਾਰ ਕਿਉਂ ਇਸ ਤਰ੍ਹਾਂ ਦਾ "ਗੋਰਖ ਧੰਦਾ"ਹੋਣ ਦਿੰਦੀ ਹੈ, ਸਗੋਂ ਸਰਕਾਰਾਂ ਨੇ ਤਾਂ ਦਵਾਈਆਂ ਦੀਆਂ ਸਾਰੀਆਂ ਸਰਕਾਰੀ ਫੈਕਟਰੀਆਂ ਬੰਦ ਕਰ ਦਿੱਤੀਆਂ ਹਨ ਅਤੇ ਹੁਣ ਲੋਕਾਂ ਨੂੰ ਮੁਫ਼ਤ ਦਵਾਈਆਂ ਦੇਣ ਦੇ ਬਹਾਨੇ ਪ੍ਰਾਈਵੇਟ ਕੰਪਨੀਆਂ ਤੋਂ ਦਵਾਈਆਂ ਖਰੀਦ ਕੇ ਲੋਕਾਂ ਦਾ ਪੈਸਾ ਪ੍ਰਾਈਵੇਟ ਬੰਦਿਆਂ ਨੂੰ ਵੰਡ ਰਹੀਆਂ ਹਨ। ਸਰਕਾਰ ਡਾਕਟਰਾਂ ਨੂੰ ਚਿੱਠੀਆਂ ਕੱਢ ਕੇ, ਅਖਬਾਰਾਂ-ਮੀਡੀਆ ਵਿੱਚ ਬਿਆਨ ਦੇ ਕੇ ਖੇਖਣ ਕਰਨ ਦੀ ਥਾਂ ਦਵਾਈਆਂ ਦੀ ਮੰਡੀ ਵਿੱਚ ਇੱਕਸਾਰਤਾ ਲਿਆਵੇ, ਬ੍ਰਾਂਡ/ਜੈਨੇਰਿਕ ਬ੍ਰਾਂਡ ਦਵਾਈਆਂ ਵਿਕਣ ਉੱਤੇ ਪਾਬੰਦੀ ਲਗਾਵੇ ਅਤੇ ਸਿਰਫ਼ ਰਸਾਇਣਿਕ ਨਾਮ ਹੇਠ ਇੱਕ ਹੀ ਕੀਮਤ ਹੇਠ ਦਵਾਈਆਂ ਵਿਕਣ ਦੇਵੇ। ਸਭ ਤੋਂ ਉੱਤੇ, ਸਰਕਾਰ ਦਵਾਈਆਂ ਬਣਾਉਣ-ਸਪਲਾਈ ਕਰਨ ਦੇ ਕੰਮ ਨੂੰ ਖੁਦ ਆਪਣੇ ਹੱਥ ਵਿੱਚ ਲਵੇ, ਕਿਉਂਕਿ ਇਸ ਨੂੰ ਮੁਨਾਫ਼ਾਖੋਰੀ ਦੇ ਹਵਾਲੇ ਕੀਤਾ ਹੀ ਨਹੀਂ ਜਾਣਾ ਚਾਹੀਦਾ।

6) ਭਾਰਤ ਦੀ ਤਿੰਨ-ਚੌਥਾਈ ਆਬਾਦੀ ਨੂੰ ਤਾਂ ਢੰਗ ਨਾਲ਼ ਸਿਹਤ ਸੁਵਿਧਾਵਾਂ/ਦਵਾਈਆਂ ਮਿਲਦੀਆਂ ਹੀ ਨਹੀਂ, ਉਹਨਾਂ ਲਈ ਤਾਂ ਬ੍ਰਾਂਡ/ਜੈਨੇਰਿਕ ਬ੍ਰਾਂਡ/ਜੈਨੇਰਿਕ ਆਦਿ ਦੀ ਬਹਿਸ ਤਾਂ ਉੱਕਾ ਹੀ ਖੋਖਲੀ ਸ਼ਬਦ-ਜੁਗਾਲੀ ਹੈ, ਉਹਨਾਂ ਲਈ ਤਾਂ ਮੁਫ਼ਤ ਅਤੇ ਸਟੈਂਡਰਡ ਦੀ ਸਿਹਤ ਸੁਵਿਧਾ ਦੀ ਮੰਗ ਹੀ ਅਸਲ ਗੱਲ ਹੈ, ਬਾਕੀ ਸਭ ਕੁਝ ਜਾਭਾਂ ਦਾ ਭੇੜ ਹੈ।

ਇਹ ਹਨ ਸਵਾਲ ਜਿਹੜੇ ਉਹਨਾਂ ਸਾਰੇ ਲੋਕਾਂ ਵੱਲੋਂ ਸਰਕਾਰਾਂ ਨੂੰ ਕਰਨੇ ਚਾਹੀਦੇ ਹਨ, ਜਿਹੜੇ ਲੋਕਾਂ ਦੀ ਲੁੱਟ ਨੂੰ ਸੱਚਮੁੱਚ ਰੋਕਣਾ ਚਾਹੁੰਦੇ ਹਨ।

7) ਇੱਕ ਹੋਰ ਗੱਲ, ਦਵਾਈਆਂ ਉੱਤੇ ਹੋਣ ਵਾਲ਼ਾ ਖਰਚਾ ਇਸ ਕਰਕੇ ਹੀ ਨਹੀਂ ਵੱਧਦਾ ਕਿ ਦਵਾਈਆਂ ਮਹਿੰਗੀਆਂ ਹਨ, ਸਗੋਂ ਇਸ ਕਰਕੇ ਵੀ ਵੱਧਦਾ ਹੈ ਕਿ ਬਿਨਾਂ ਲੋੜੋਂ ਦਵਾਈਆਂ ਲਿਖੀਆਂ ਜਾਂਦੀਆਂ ਹਨ।

.... ਇਸ ਮਸਲੇ ਉਤੇ ਵਿਚਾਰ-ਸੰਵਾਦ ਜਾਰੀ ਰਹੇਗਾ, ਫ਼ਿਲਹਾਲ ਇੰਨਾ ਹੀ। ਸੁਆਲਾਂ-ਸੁਝਾਵਾਂ ਨੂੰ ਜੀ ਆਇਆਂ ਨੂੰ..

ਸਰੋਤ- ਤਰਕਸ਼ੀਲ ਮੈਗਜ਼ੀਨ

## ਮੋਰਚਾ ਗੁਰੂ ਕੇ ਬਾਗ ਸਾਕਾ ਪੰਜਾ ਸਾਹਿਬ***

ਵਰਲਡ ਪੰਜਾਬੀ ਟਾਈਮਜ਼ ਸੁਰਜੀਤ ਸਾਰੰਗ



1922 ਈਸਵੀ ਵਿਚ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਇਕ ਮਹਾਨ ਘਟਨਾ ਵਾਪਰੀ ਜਦੋਂ ਕਿ ਸ੍ਰੀ ਪੰਜਾ ਸਾਹਿਬ ਦੇ ਅਸਥਾਨ ਤੇ ਸਿੰਘਾਂ ਨੇ ਆਪਣੀਆਂ ਜਵਾਨੀਆਂ ਭੇਂਟ ਕਰ ਕੇ ਉਹ ਰੇਲ ਗੱਡੀ ਰੋਕੀ ਜੋਂ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਿਰਫ਼ਤਾਰ ਹੋਏ ਸਿੰਘਾਂ ਨੂੰ ਅਟਕ ਤੇ ਕੈਲਪੁਰ ਦੀਆਂ ਜੇਲ੍ਹਾਂ ਵਲ ਲਿਜਾ ਰਹੀ ਸੀ। ਗੱਡੀ ਦੇ ਅੱਗੇ ਸਿੱਖ ਸੰਗਤ ਲੇਟ ਗਈਆਂ ਤੇ ਦੋ ਸਿੰਘ ਸ਼ਹੀਦ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਗੱਡੀ ਦੇ ਥੱਲੇ ਆ ਕੇ ਸ਼ਹੀਦ ਹੋ ਗਏ।

ਸ਼ਹੀਦ ਪ੍ਰਤਾਪ ਸਿੰਘ 16ਨਵੰਬਰ1922 ਨੂੰ ਆਪਣੇ ਵਲੋਂ ਕੋਸ਼ਿਸ਼ ਇਹ ਕਰਨਾ ਚਾਹੁੰਦੇ ਸਨ । ਸਟੇਸ਼ਨ ਮਾਸਟਰ ਨੂੰ ਕਿਹਾ ਅਸੀਂ ਭੋਜਨ ਛਕਾਣਾ ਚਾਹੁੰਦੇ ਹਾਂ।

ਸਟੇਸ਼ਨ ਮਾਸਟਰ ਨੇ ਕਿਹਾ ਚੰਗਾ ਹੈ ਤੁਸੀਂ ਬਹੁਤ ਚੰਗਾ ਕਿਹਾ ਹੈ ਕਿ ਅਸੀਂ ਸਿੱਖਾਂ ਨੂੰ ਭੋਜਨ ਛਕਾਣਾ ਹੈ। ਸੋ ਅੱਜ ਅਕਾਲੀ ਵੀਰਾਂ ਦੀ ਗੱਡੀ ਅਟਕ ਜੇਲ੍ਹ ਜਾ ਰਹੀ ਹੈ। ਦੇ ਭੋਜਨ ਛਕਾਣਾ ਹੋਵੇ ਤਾਂ ਸਵੇਰੇ 8-30 ਵੱਜੇ ਪਹੁੰਚ ਜਾਣਾ।


ਸਵੇਰੇ ਚਾਰ ਵੱਜੇ ਲੰਗਰ ਪਕਾਣਾਂ ਸ਼ੁਰੂ ਹੋ ਗਿਆ। 8 ਵੱਜੇ ਅਰਦਾਸਾਂ ਕੀਤਾ ਕਿ ਮਹਾਰਾਜ ਸਾਡੇ ਵੀਰ ਭੋਜਨ ਛਕਣ ਤੇ ਅਸੀਂ ਵਾਪਸ ਆਈਏ ।ਉਥੇ ਬਾਊ ਨੇ ਕਿਹਾ ਕਿ ਹੁਕਮ ਆ ਗਿਆ ਹੈ ਕਿ ਗੱਡੀ ਖੜੀ ਨਹੀਂ ਹੋ ਸਕਦੀ ਸੋ ਲੰਗਰ ਵਾਪਸ ਲੈਣ ਜਾਵੋ। ਸ਼ਹੀਦ ਸਾਹਿਬ ਨੇ ਕਿਹਾ ਅਸੀਂ ਅਰਦਾਸਾਂ ਸੋਧ ਕੇ ਆਏ ਹਾਂ ਹੁਣ ਗੁਰੂ ਆਪੇ ਗੱਡੀ ਖਲ੍ਹਾਰੇਗਾ। ਲਾਇਨ ਤੇ ਬੈਠ ਗਏ ਸੰਗਤਾਂ ਸਭ ਨਾਲ ਸਨ। ਗੱਡੀ ਆਈ ਤੇ ਕੁਝ ਬੰਦਿਆਂ ਦੇ ਉੱਤੋਂ ਲੰਘ ਕੇ ਰੁਕ ਗਈ। ਸਿੰਘਾਂ ਨੇ ਕੈਦੀ ਵੀਰਾਂ ਨੂੰ ਪ੍ਰਸ਼ਾਦਿ ਛਕਾਇਆ। ਸ਼ਹੀਦ ਪ੍ਰਤਾਪ ਸਿੰਘ ਆਪਣੀ ਯਾਤਰਾ ਇਉਂ ਸੰਪੂਰਨ ਕਰ ਕੇ ਚਲੇ ਗਏ ਪਰ ਰਹਿੰਦੀ ਦੁਨੀਆਂ ਤੱਕ ਉਹਨਾਂ ਦਾ ਨਾਮ ਰਹੇਗਾ।

ਸ਼ਹੀਦ ਕਰਮ ਸਿੰਘ

ਪੰਜਾਂ ਸਾਹਿਬ ਦੇ ਇਸ ਸ਼ਹੀਦੀ ਸਾਕੇ ਦੇ ਦੂਜੇ ਸ਼ਹੀਦ ਸ, ਕਰਮ ਸਿੰਘ ਸਨ। ਜੋਂ ਕਿ ਅਨੰਦਪੁਰ ਸਾਹਿਬ ਦੇ ਮਹੰਤ ਭਾਈ ਭਗਵਾਨ ਸਿੰਘ ਜੀ ਦੇ ਸਪੁੱਤਰ ਸਨ। ਜਦੋਂ ਗੁਰਦੁਆਰਾ ਸੁਧਾਰ ਲਹਿਰ ਚਲੀ ਤਾਂ ਭਾਈ ਕਰਮ ਸਿੰਘ ਨੇ ਆਪ ਮਹੰਤੀ ਛੱਡ ਦਿੱਤੀ ਤੇ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਪੁਰਦ ਕਰ ਦਿੱਤਾ। ਸ੍ਰੀ ਅੰਮ੍ਰਿਤਸਰ ਆ ਗਏ ਤੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਪੰਥਕ ਸੇਵਾ ਨਿਭਾਉਣ ਲਗੇ। ਆਪ ਨੂੰ ਗੁਰੂ ਅਸਥਾਨਾਂ ਦੀ ਸੇਵਾ ਤੇ ਦਰਸ਼ਨ ਦੀਦਾਰੇ ਕਰਨ ਦੀ ਲਗਨ ਸੀ ਇਸ ਲਈ ਨਨਕਾਣਾ ਸਾਹਿਬ ਤੋਂ ਹੋ ਕੇ ਪੰਜਾਬ ਸਾਹਿਬ ਪੁਜ ਗਏ ਤੇ ਉਥੇ ਕੀਰਤਨ ਦੀ ਸੇਵਾ ਕਰਨ ਲਗੇ। 31ਅਕਤੂਬਰ1922 ਈਸਵੀ ਨੂੰ ਜਦੋਂ ਗੁਰੂ ਕੇ ਬਾਗ ਦੇ ਕੈਦੀ ਸਿੰਘਾਂ ਦੀ ਭਰੀ ਗੱਡੀ ਹਸਨ ਅਬਦਾਲੀ ਸਟੇਸ਼ਨ ਤੋਂ ਲੰਘਣੀ ਸੀ ਤਾਂ ਵੀਰ ਕੈਦੀਆਂ ਨੂੰ ਲੰਗਰ ਛਕਾਉਣ ਵਾਲਿਆਂ ਵਿਚ ਆਪ ਵੀ ਸਟੇਸ਼ਨ ਤੇ ਪਹੁੰਚੇ। ਸਗੋਂ ਸਵੇਰ ਦੇ ਆਸਾ ਦੀ ਵਾਰ ਦੇ ਕੀਰਤਨ ਵਿਚ ਪ੍ਰੇਰਨਾ ਕਰ ਕੇ ਸੰਗਤਾਂ ਨੂੰ ਸਟੇਸ਼ਨ ਤੇ ਲੈ ਆਏ

ਜਦ ਗੱਡੀ ਆਈ ਤੇ ਸਟੇਸ਼ਨ ਮਾਸਟਰ ਨੇ ਸਿੱਧੇ ਅਰੁਕ ਲੰਘ ਜਾਣ ਲਈ ਸਿਗਨਲ ਦੇ ਦਿੱਤਾ ਤਾਂ ਸੰਗਤਾਂ ਰੇਲ ਪਟੜੀ ਤੇ ਬੈਠ ਗਏ। ਸਭ ਤੋਂ ਅੱਗੇ ਸ, ਕਰਮ ਸਿੰਘ ਤੇ ਪ੍ਰਤਾਪ ਸਿੰਘ ਸਨ ਜਿਨ੍ਹਾਂ ਦੇ ਇੰਜਣ ਥੱਲੇ ਆ ਜਾਣ ਨਾਲ ਰੇਲ ਗੱਡੀ ਰੁਕ ਗਈ ਤੇ ਸੰਗਤਾਂ ਨੇ ਲੰਗਰ ਛਕਾ ਲਿਆ। ਪਿਛੋਂ ਸ਼ਹੀਦਾਂ ਦੇ ਸਰੀਰ ਇੰਜਣ ਹੇਠੋਂ ਕਢੇ।

## ਸਾਹਿਤ ਤੇ ਸਮਾਜ : ਵਿਭਿੰਨ ਸਰੋਕਾਰ




ਪੁਸਤਕ : ਸਾਹਿਤ ਤੇ ਸਮਾਜ : ਵਿਭਿੰਨ ਸਰੋਕਾਰ
ਲੇਖਕਾ : ਡਾ. ਜਸਵਿੰਦਰ ਕੌਰ ਬਿੰਦਰਾ
ਪ੍ਰਕਾਸ਼ਕ : ਸਾਹਿਤਯਸ਼ਿਲਾ ਪ੍ਰਕਾਸ਼ਨ, ਦਿੱਲੀ
ਪੰਨੇ : 176
ਮੁੱਲ : 300/- ਰੁਪਏ

ਵਰਲਡ ਪੰਜਾਬੀ ਟਾਈਮਜ਼ ਪ੍ਰੋ. ਨਵ ਸੰਗੀਤ ਸਿੰਘ

ਡਾ. ਜਸਵਿੰਦਰ ਕੌਰ ਬਿੰਦਰਾ ਦਿੱਲੀ ਦੀ ਪਰਿਚਿਤ ਲੇਖਕਾ ਹੈ। ਉਹਦੀ ਵਿਸ਼ੇਸ਼ ਰੁਚੀ ਆਲੋਚਨਾ, ਅਨੁਵਾਦ ਅਤੇ ਸੰਪਾਦਨਾ ਵਿੱਚ ਹੈ। ਇਸ ਪੱਖੋਂ ਉਹਦੀਆਂ ਆਲੋਚਨਾ ਦੀਆਂ 5, ਸੰਪਾਦਨ ਅਤੇ ਅਨੁਵਾਦ ਦੀਆਂ 9 ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਡਾ. ਬਿੰਦਰਾ ਇੱਕੋ ਸਮੇਂ ਆਲੋਚਕ ਅਤੇ ਅਨੁਵਾਦਕ ਵਜੋਂ ਸਾਹਮਣੇ ਆਈ ਹੈ। ਲੇਖਕਾ ਨੇ ਵਾਣੀ ਪ੍ਰਕਾਸ਼ਨ, ਡਾਇਮੰਡ ਬੁਕਸ, ਆਲੇਖ ਪ੍ਰਕਾਸ਼ਨ, ਪ੍ਰਭਾਤ ਪ੍ਰਕਾਸ਼ਨ ਆਦਿ ਲਈ ਬਹੁਤ ਉਤਕ੍ਰਿਸ਼ਟ ਹਿੰਦੀ ਅਨੁਵਾਦ ਕੀਤੇ ਹਨ ਤੇ ਪੰਜਾਬੀ ਲੇਖਕਾਂ ਨੂੰ ਹਿੰਦੀ ਪਾਠਕਾਂ ਤੱਕ ਪਹੁੰਚਾ ਕੇ ਸ਼ਲਾਘਾਯੋਗ ਕਾਰਜ ਕੀਤਾ ਹੈ। ਇੱਕ ਤਰ੍ਹਾਂ ਨਾਲ ਹਿੰਦੀ ਪਾਠਕਾਂ ਨੂੰ ਪੰਜਾਬੀ ਸਾਹਿਤਕਾਰਾਂ ਦੀ ਸਮਰੱਥਾ ਦਾ ਬੋਧ ਕਰਵਾਇਆ ਹੈ। ਵੱਖ ਵੱਖ ਸਮੇਂ ਤੇ ਲਿਖੇ ਲੇਖਾਂ ਨੂੰ ਲੇਖਕਾ ਨੇ ਰੀਵਿਊ ਅਧੀਨ ਪੁਸਤਕ ਵਿੱਚ ਸੰਭਾਲ ਲਿਆ ਹੈ। ਜਿਸਦੇ ਉਹਨੇ ਦੋ ਭਾਗ ਬਣਾਏ ਹਨ। ਪਹਿਲੇ ਭਾਗ ਵਿੱਚ ਵਿਭਿੰਨ ਸੰਦਰਭਾਂ, ਪ੍ਰਸੰਗਾਂ ਬਾਰੇ 12 ਲੇਖ ਹਨ, ਜੋ ਵੱਖ ਵੱਖ ਵਿਸ਼ਿਆਂ ਨਾਲ ਵਾਬਸਤਾ ਹਨ। ਇਸ ਵਿੱਚ ਦਾਨ-ਮਹਾਦਾਨ-ਨੇਤਰਦਾਨ, ਮਹਾਤਮਾ ਗਾਂਧੀ-ਜੀਵਨ ਦਰਸ਼ਨ, ਭਾਰਤਨਾਮਾ-ਭਾਰਤ ਨਾਂ ਦੀ ਖੋਜ ਜਿਹੇ ਲੇਖਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਦੂਜੇ ਭਾਗ ਦੇ ਲੇਖ ਸਪਸ਼ਟ ਤੌਰ ਤੇ ਸਾਹਿਤ ਨਾਲ ਸੰਬੰਧਿਤ ਹਨ। ਇਨ੍ਹਾਂ ਦੀ ਗਿਣਤੀ 16 ਹੈ। ਇਸ ਵਿੱਚ ਅਰਤਿੰਦਰ ਸੰਧੂ ਦੀਆਂ ਕਾਵਿ ਕਿਤਾਬਾਂ- ਕਦੇ ਕਦਾਈਂ, ਘਰ ਘਰ ਅਤੇ ਘਰ, ਡਾ. ਕਰਨਜੀਤ ਸਿੰਘ ਦੀ ਸਵੈਜੀਵਨੀ, ਵੰਡ ਪਿੱਛੋਂ ਪੰਜਾਬੀ ਕਹਾਣੀ, ਪੰਜਾਬੀ ਕਹਾਣੀ ਵਿੱਚ ਨਾਰੀ ਸਰੋਕਾਰ, ਪਰਗਟ ਸਿੰਘ ਸਤੌਜ ਦੀ ਨਾਚ ਫ਼ਰੋਸ਼, ਅਮਰਜੀਤ ਕੌਂਕੇ ਦੀ ਬਚਿਆ ਰਹੇਗਾ ਸਾਰਾ ਕੁਝ, ਜਸਵੀਰ ਰਾਣਾ ਦੀ ਮੈਂ ਤੇ ਮੇਰੀ ਖ਼ਾਮੋਸ਼ੀ, ਗੁਰਬਚਨ ਸਿੰਘ ਭੁੱਲਰ ਦੀ ਏਹ ਜਨਮ ਤੁਮਹਾਰੇ ਲੇਖੇ, ਹਰਜੀਤ ਕੌਰ ਵਿਰਕ ਦੀਆਂ ਇੱਕ ਟੋਟਾ ਜਨਮ ਭੂਮੀ ਅਤੇ ਘੱਗਰ ਕੰਢੇ, ਜਸਵਿੰਦਰ ਰੱਤੀਆਂ ਦੀ ਕੂੰਜਾਂ ਆਦਿ ਨਾਲ ਸੰਬੰਧਿਤ ਆਲੋਚਨਾਤਮਕ ਲੇਖ ਹਨ। ਡਾ. ਬਿੰਦਰਾ ਨੇ ਸਪਸ਼ਟ ਕੀਤਾ ਹੈ ਕਿ ਉਹ ਕਿਸੇ ਵਾਦ ਵਿੱਚ ਨਹੀਂ ਉਲਝਦੀ। ਏਸੇ ਲਈ ਪੁਸਤਕਾਂ ਦੀ ਸਮੀਖਿਆ ਉਹਨੇ ਪੁਸਤਕਾਂ ਵਿਚਲੇ ਵਿਸ਼ਿਆਂ ਨੂੰ ਮੁੱਖ ਰੱਖ ਕੇ ਕੀਤੀ ਹੈ।

ਲੇਖਕਾ ਨੇ ਆਪਣੇ ਇਨ੍ਹਾਂ ਨਿਬੰਧਾਂ ਵਿੱਚ ਬਹੁਤ ਮਹੱਤਵਪੂਰਣ ਤੇ ਮੌਲਿਕ ਸਥਾਪਨਾਵਾਂ ਪੇਸ਼ ਕੀਤੀਆਂ ਹਨ, ਜਿਨ੍ਹਾਂ ਨੂੰ ਪੜ੍ਹ ਕੇ ਉਹਦੀ ਰੁਚੀ/ਅਰੁਚੀ ਦਾ ਪਤਾ ਲੱਗਦਾ ਹੈ। ਕੁਝ ਉਦਾਹਰਣਾਂ :

ਬੱਚਿਆਂ ਨੂੰ ਕਲਪਨਾਸ਼ੀਲ ਬਣਾਉਣ ਲਈ ਅਣਦੇਖੇ ਗ੍ਰਹਿਆਂ ਲਈ ਲੜਨ ਤੇ ਹਰ ਥਾਂ ਤੇ ਚੀਜ਼ ਨੂੰ ਹਥਿਆਉਣ ਦੀ ਬਜਾਏ ਆਪਣੇ ਹਾਣੀਆਂ ਤੇ ਮਿੱਤਰਾਂ ਨਾਲ ਉਨ੍ਹਾਂ ਨੂੰ ਸਾਂਝਾ ਕਰਨ, ਮਿਲਜੁਲ ਕੇ ਕੰਮ ਕਰਨ ਦੀ ਭਾਵਨਾ ਨੂੰ ਪ੍ਰੋਤਸਾਹਿਤ ਕਰਨ ਵਾਲੀਆਂ ਕਲਾਵਾਂ ਦੀ ਬਹੁਤੀ ਲੋੜ ਹੈ, ਤਾਂ ਕਿ ਉਹ ਟੀਵੀ, ਮੋਬਾਈਲ ਤੇ ਸੋਸ਼ਲ ਮੀਡੀਆ ਦਾ ਖਹਿੜਾ ਛੱਡ ਕੇ ਕੁਝ ਨਵਾਂ ਸੋਚਣ ਤੇ ਉਸਨੂੰ ਅਮਲ ਵਿੱਚ ਲਿਆਉਣ ਲਈ ਜਤਨ ਕਰਨ। (15)

ਜ਼ਿਆਦਾਤਰ ਔਰਤ ਨੂੰ ਕਦੇ ਵੀ ਇਨਸਾਨ ਹੋਣ ਦੇ ਨਾਤੇ ਜਾਂ ਕਿਸੇ ਵੀ ਖੇਤਰ ਵਿੱਚ ਉਸਦੀ ਵਿਦਵਤਾ ਕਾਰਨ, ਸਮਝਦਾਰੀ ਕਾਰਨ ਜਾਂ ਮੀਡੀਆ ਵਿੱਚ ਉਸਦੇ ਕਿਰਦਾਰ ਨੂੰ ਸਹੀ ਢੰਗ ਨਾਲ ਪੇਸ਼ ਨਹੀਂ ਕੀਤਾ ਗਿਆ। ਉਹ ਜਾਂ ਦੇਵੀ ਬਣਾ ਕੇ ਪੇਸ਼ ਕੀਤੀ ਗਈ ਜਾਂ ਉਪਭੋਗ ਜਾਂ ਮਨੋਰੰਜਨ ਦੀ ਖੇਡ ਬਣਾ ਕੇ ਤੇ ਅੱਜ ਵੀ ਉਹ ਮੰਡੀ ਦੀ ਵਸਤ ਬਣ ਕੇ ਹੀ ਰਹਿ ਗਈ ਹੈ। ਮੇਰਾ ਸਵਾਲ ਮਰਦਾਂ ਨੂੰ ਨਹੀਂ, ਆਪਣੀਆਂ ਭੈਣਾਂ ਤੇ ਸਾਰੀਆਂ ਹੀ ਔਰਤਾਂ, ਮਹਿਲਾਵਾਂ ਨੂੰ ਸੰਬੋਧਿਤ ਹੈ ਕਿ ਅਸੀਂ ਆਪਣੀ ਜਗਾ ਆਪ ਕਿਉਂ ਨਹੀਂ ਬਣਾਉਂਦੀਆਂ। ਪੜ੍ਹ-ਲਿਖ ਕੇ ਵੀ ਸਿਰਫ਼ ਕਠਪੁਤਲੀ ਬਣਨਾ ਕਿਉਂ ਸਵੀਕਾਰ ਕੀਤਾ ਜਾ ਰਿਹਾ ਹੈ?(41)

ਪੰਜਾਬੀ ਕਹਾਣੀ ਵਿੱਚ ਨਾਰੀ ਸਰੋਕਾਰਾਂ ਨਾਲ ਜੁੜੇ ਬਹੁਤੇ ਮੁੱਦੇ ਨਜ਼ਰੀਂ ਨਹੀਂ ਪੈਂਦੇ। ਇਨ੍ਹਾਂ ਵਿਭਿੰਨ ਸਰੋਕਾਰਾਂ ਥਾਂਈਂ ਨਾਰੀ ਘਰੇਲੂ ਤੇ ਪਰਿਵਾਰਕ ਮੁਹਾਜ਼ਾਂ ਉੱਤੇ ਜਿੱਤ ਹਾਸਲ ਕਰਦੀ ਨਜ਼ਰੀਂ ਪੈਂਦੀ ਹੈ। ਗਰੀਬੀ ਤੇ ਫ਼ੈਸ਼ਨ, ਗਲੈਮਰ ਦੀ ਦੁਨੀਆਂ ਵਿੱਚ ਵਿਚਰਨ ਵੇਲੇ ਉਸਨੂੰ ਸਮਝੌਤੇ, ਸਾਜ਼ਿਸ਼ਾਂ ਤੇ ਵਸਤੂ ਵਾਂਗ ਵਰਤੇ ਜਾਣ ਦਾ ਸ਼ਿਕਾਰ ਹੋਣਾ ਪੈਂਦਾ ਹੈ।... ਸਮਾਜ ਦੀ ਮੁੱਖ ਧਾਰਾ ਤੋਂ ਪਰੇ ਖੜ੍ਹੀ 'ਥਰਡ ਜੈਂਡਰ ਤੇ ਸਮਲਿੰਗੀ ਨਾਰੀ' ਨੂੰ ਵੀ ਪੰਜਾਬੀ ਕਹਾਣੀ ਵਿੱਚ ਵੱਡੀ ਥਾਂ ਮਿਲੀ ਹੈ। (120)

ਕਹਾਣੀ ਜੋ ਆਪਣੇ ਸਮੇਂ ਵਿੱਚ ਲਿਖੇ ਜਾਣ ਦੇ ਬਾਵਜੂਦ, ਸਮੇਂ ਤੋਂ ਪਾਰ ਜਾ ਕੇ ਮਾਨਵੀ ਮੁੱਲਾਂ ਨੂੰ ਸਥਾਪਤ ਕਰਨ ਯੋਗ ਬਣਦੀ ਹੈ, ਉਹੀ ਕਹਾਣੀ ਸਫ਼ਲ ਹੈ। ਜੋ ਪੜ੍ਹਦੇ ਹੋਏ ਪਾਠਕ ਨੂੰ ਝੰਜੋੜ ਦੇਵੇ, ਰੁਆ ਦੇਵੇ, ਸੋਚਣ ਲਾ ਦੇਵੇ, ਨਵੀਆਂ ਦਿਸ਼ਾਵਾਂ ਦਾ ਰਾਹ ਖੋਲ੍ਹ ਦੇਵੇ, ਉਹੀ ਕਹਾਣੀ ਅੱਗੇ ਤੋਂ ਅੱਗੇ ਦਾ ਸਫ਼ਰ ਤੈਅ ਕਰਨ ਯੋਗ ਬਣਦੀ ਹੈ। (126)

ਕਈ ਵਾਰ ਕਿਸੇ ਚੰਗੀ ਕਿਤਾਬ ਦਾ ਪ੍ਰਭਾਵ ਉਸ ਸਮੇਂ ਵੀ ਘੱਟ ਅੰਕਿਆ ਜਾਂਦਾ ਹੈ, ਜਦੋਂ ਉਸ ਵਿੱਚ ਸ਼ਬਦ-ਜੋੜਾਂ ਪੱਖੋਂ ਖਾਮੀਆਂ/ਤਰੁਟੀਆਂ ਨਜ਼ਰ ਆਉਣ। ਇਸ ਪੁਸਤਕ ਨਾਲ ਵੀ ਇੰਜ ਹੀ ਵਾਪਰਿਆ ਹੈ। ਇਹ ਉਸੇ ਤਰ੍ਹਾਂ ਹੈ, ਜਿਵੇਂ ਚੰਦਰਮਾ ਦੀ ਚਾਨਣੀ ਤਾਂ ਪ੍ਰਭਾਵਿਤ ਕਰਦੀ ਹੈ, ਪਰ ਉਸ ਵਿੱਚ ਦਾਗ ਵੀ ਹੈ। ਇਸ ਕਿਤਾਬ ਦੇ ਇੱਕ ਇੱਕ ਪੰਨੇ ਤੇ ਸ਼ਬਦ ਜੋੜਾਂ ਦੀਆਂ ਕਈ ਕਈ ਗਲਤੀਆਂ ਨਜ਼ਰ ਆਈਆਂ ਹਨ। ਜਿਵੇਂ : ਏਮ (ਐਮ, 11) ਪੰਖੜਿਆਂ (ਪੰਖੜੀਆਂ, 12), ਸਪਾਡਰਮੈਨ (ਸਪਾਈਡਰਮੈਨ, 13), ਲੀਕਰਾਂ (ਲਕੀਰਾਂ, 14), ਮੁੱਹਲੇ (ਮੁਹੱਲੇ, 16), ਸ਼ੰਕੁਤਲਾ (ਸ਼ਕੁੰਤਲਾ, 17), ਸਮੰਤ (ਸੰਮਤ, 23), ਇੱਕਵੀਂ (ਇੱਕੀਵੀਂ, 23), ਬ੍ਰਹਿੰਮਡ (ਬ੍ਰਹਿਮੰਡ, 27), 1868 (1869, 32), ਨੇਂਤਰਦਾਨ (ਨੇਤਰਦਾਨ, 42), ਨੁੱਖੀ (ਮਨੁੱਖੀ, 46), ਕੁਇੰਟ (ਕੁਇਟ, 48), ਟਿਵਟਰ (ਟਵਿੱਟਰ, 53), ਗ੍ਰੈਰਮੀ (ਗ੍ਰੈਮੀ, 67), ਬੇਸਟ (ਬੈਸਟ, 67), ਚਦ੍ਰੰਮਾ (ਚੰਦਰਮਾ, 71), ਸਤੁੰਲਿਤ (ਸੰਤੁਲਿਤ, 94), ਡਾਇਰੇਕਟਰ (ਡਾਇਰੈਕਟਰ, 97), ਗਿਆਨਓਦਏ (ਗਿਆਨਉਦੈ, 97), ਝਿਜੋੜ (ਝੰਜੋੜ, 126) ਆਦਿ।

ਸਾਹਿਤਕ/ਸਮਾਜਕ ਸਰੋਕਾਰਾਂ ਬਾਰੇ ਡਾ. ਬਿੰਦਰਾ ਦੀ ਇਸ ਪੁਸਤਕ ਦਾ ਪੰਜਾਬੀ ਸਾਹਿਤ ਜਗਤ ਵਿੱਚ ਹਾਰਦਿਕ ਸਵਾਗਤ ਹੈ।

## ਮਹਿੰਗੇ ਮੁੱਲ ਅਜ਼ਾਦੀ



ਰਾਜਗੁਰੂ,ਸੁਖਦੇਵ,ਭਗਤ ਸਿੰਘ,
ਗਏ ਦੇਸ਼ ਤੋਂ ਜਾਨਾਂ ਵਾਰ ਬੀਬਾ।

ਲੈ ਮਹਿੰਗੇ ਮੁੱਲ ਅਜ਼ਾਦੀ ਦਿੱਤੀ,
ਸੀ ਡਾਹਢਾ ਦੇਸ਼ ਪਿਆਰ ਬੀਬਾ।

ਕੀ ਪਾਇਆ ਮੁੱਲ ਕੁਰਬਾਨੀ ਦਾ,
ਅਸੀਂ ਕਰਦੇ ਵਣਜ ਵਪਾਰ ਬੀਬਾ।

ਸਤਲੁਜ ਦੇ ਕੰਢਿਆਂ ਤੋਂ ਪੁੱਛ ਲੈ,
ਜਿੱਥੇ ਦਿੱਤੇ ਬੁੱਤ ਉਸਾਰ ਬੀਬਾ।

ਆ ਸਾਲ ਛਿਮਾਹੀ ਬਾਅਦ ਲੀਡਰ,
ਪਾ ਦਿੰਦੇ ਨੇ ਗਲ ਹਾਰ ਬੀਬਾ।

ਪਹਿਰਾ ਦੇਵਾਂਗੇ ਥੋਡੀ ਸੋਚ 'ਤੇ,
ਜਾਂਦੇ ਨੇ ਨਾਅਰਾ ਮਾਰ ਬੀਬਾ।

ਮੁੜ ਕੋਈ ਬਾਤ ਨਹੀਂ ਪੁੱਛਦਾ,
ਪਿਆ ਬੁੱਤਾਂ ਦੁਆਲੇ ਖਿਲਾਰ ਬੀਬਾ।

ਵੱਟਦੇ ਨੇ ਮੁੱਲ ਸ਼ਹੀਦਾਂ ਦਾ,
ਬਣ ਦੇਸ਼ ਦੇ ਕਈ ਗ਼ਦਾਰ ਬੀਬਾ।

ਜੇ 'ਪੱਤੋ' ਦੀ ਚੰਗੀ ਸੋਚ ਹੋਵੇ,
ਤਾਂ ਸੁਫ਼ਨੇ ਹੋਣ ਸਕਾਰ ਬੀਬਾ।

ਵਰਲਡ ਪੰਜਾਬੀ ਟਾਈਮਜ਼ ਹਰਪ੍ਰੀਤ ਪੱਤੋ